Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 19*Issue 152 | Tuesday, August 11, 2020 | Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

# ਫੈਡਰਲ ਸਰਕਾਰ ਨੇ ਘੱਟ ਤੋਂ ਘੱਟ ਬੇਰੋਜ਼ਗਾਰੀ ਦਰ 13.1 ਫੀ ਸਦੀ ਤੈਅ ਕੀਤੀ

ਓਟਵਾ, 10 ਅਗਸਤ (ਪੋਸਟ ਬਿਊਰੋ) : ਕੋਵਿਡ-19 ਮਹਾਂਮਾਰੀ ਦੌਰਾਨ ਇੰਪਲੌਇਮੈਂਟ ਇੰਸ਼ੋਰੈਂਸ ਬੈਨੇਫਿਟਜ਼ ਦਾ ਹਿਸਾਬ ਲਾਉਣ ਲਈ ਫੈਡਰਲ ਸਰਕਾਰ ਵੱਲੋਂ ਆਰਜ਼ੀ ਤੌਰ ਉੱਤੇ ਘੱਟ ਤੋਂ ਘੱਟ ਬੇਰੋਜ਼ਗਾਰੀ ਦਰ 13.1 ਫੀ ਸਦੀ ਤੈਅ ਕੀਤੀ ਗਈ ਹੈ।

ਜਿਹੜੇ ਲੋਕ ਅਜਿਹੇ ਰੀਜਨਜ਼ ਵਿੱਚ ਰਹਿੰਦੇ ਹਨ ਜਿੱਥੋਂ ਦੀ ਬੇਰੋਜ਼ਗਾਰੀ ਦਰ ਇਸ ਨਾਲੋਂ ਵੀ ਘੱਟ ਹੈ ਉਨ੍ਹਾਂ ਦੇ ਈਆਈ ਬੈਨੇਫਿਟਜ਼ ਇਸ ਦਰ ਉੱਤੇ ਤੈਅ ਕੀਤੇ ਜਾਣਗੇ। ਜਿਨ੍ਹਾਂ ਰੀਜਨਜ਼ ਵਿੱਚ ਬੇਰੋਜ਼ਗਾਰੀ ਦਰ ਉੱਚੀ ਹੋਵੇਗੀ ਉੱਥੇ ਈਆਈ ਬੈਨੇਫਿਟਜ਼ ਉਸ ਰੀਜਨ ਦੀ ਅਸਲ ਦਰ ਦੇ ਹਿਸਾਬ ਨਾਲ ਹੀ ਤੈਅ ਕੀਤੇ ਜਾਣਗੇ। ਸਰਕਾਰ ਦਾ ਕਹਿਣਾ ਹੈ ਕਿ ਇਹ ਫੈਸਲਾ ਇਸ ਲਈ ਲਿਆ ਗਿਆ ਕਿਉਂਕਿ ਮਹਾਂਮਾਰੀ ਨੇ ਦੇਸ਼ ਭਰ ਵਿੱਚ ਲੇਬਰ ਮਾਰਕਿਟ ਹਾਲਾਤ ਨੂੰ ਅਸਥਿਰ ਤੇ ਕਿਆਸ ਤੋਂ ਬਾਹਰਾ ਬਣਾ ਦਿੱਤਾ ਹੈ।



ਸਟੈਟੇਸਟਿਕਸ ਕੈਨੇਡਾ ਦਾ ਕਹਿਣਾ ਹੈ ਕਿ ਜੁਲਾਈ ਵਿੱਚ ਬੇਰੋਜ਼ਗਾਰੀ ਦਰ 10.9 ਫੀ ਸਦੀ ਸੀ, ਜੋ ਕਿ ਜੂਨ ਵਿੱਚ ਰਿਕਾਰਡ ਦਰ ਨਾਲੋਂ 12.3 ਫੀ ਸਦੀ ਅਤੇ ਮਈ ਵਿੱਚ ਦਰਜ ਕੀਤੀ ਗਈ ਬੇਰੋਜ਼ਗਾਰੀ ਦਰ 13.7 ਫੀ ਸਦੀ ਨਾਲੋਂ ਘੱਟ ਸੀ। ਓਟਵਾ ਵੱਲੋਂ ਕੈਨੇਡਾ ਐਮਰਜੰਸੀ ਰਿਸਪਾਂਸ ਬੈਨੇਫਿਟ (ਸੀਈਆਰਬੀ) ਲਾਂਚ ਕਰਨ ਤੋਂ ਬਾਅਦ 1.6 ਮਿਲੀਅਨ ਕੈਨੇਡੀਅਨਾਂ ਤੋਂ ਵੀ ਵੱਧ ਕੰਮ ਉੱਤੇ ਪਰਤ ਆਏ। ਇਸ ਨਾਲ 8.5 ਮਿਲੀਅਨ ਕੈਨੇਡੀਅਨਾਂ ਨੂੰ ਆਮਦਨ ਪੱਖੋਂ ਮਦਦ ਮਿਲੀ।

ਇੰਪਲੌਇਮੈਂਟ, ਵਰਕਫੋਰਸ ਡਿਵੈਲਪਮੈਂਟ ਤੇ ਡਿਸਐਬਿਲਿਟੀ ਇਨਕਲੂਜ਼ਨ ਮੰਤਰੀ ਕਾਰਲਾ ਕੁਆਲਤਰੋ ਨੇ ਆਖਿਆ ਕਿ ਜਿਵੇਂ ਅਸੀਂ ਬਹੁਤ ਹੀ ਸਾਵਧਾਨੀ ਤੇ ਹੌਲੀ ਹੌਲੀ ਆਪਣੇ ਅਰਥਚਾਰੇ ਨੂੰ ਮੁੜ ਸ਼ੁਰੂ ਕਰ ਰਹੇ ਹਾਂ ਉਸ ਦੌਰਾਨ ਸਾਡੇ ਧਿਆਨ ਵਿੱਚ ਇਹ ਵੀ ਆਇਆ ਹੈ ਕਿ ਕੈਨੇਡੀਅਨ ਵਰਕਰਜ਼ ਨੂੰ ਅਜੇ ਵੀ ਕਈ ਤਰ੍ਹਾਂ ਦੀਆਂ ਚੁਣੌਤੀਆਂ ਦਾ ਸਾਹ-ਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਆਖਿਆ ਕਿ ਆਰਜ਼ੀ ਤੌਰ ਉੱਤੇ ਕੌਮੀ ਪੱਧਰ ਉਤੇ ਘੱਟ ਤੋਂ ਘੱਟ ਬੇਰੋਜ਼ਗਾਰੀ ਦਰ ਤੈਅ ਕਰਨ ਨਾਲ ਈਆਈ ਪ੍ਰੋਗਰਾਮ ਨਾਲ ਵੱਧ ਤੋਂ ਵੱਧ ਲੋਕਾਂ ਦੀ ਮਦਦ ਹੋ ਸਕੇਗੀ।

# ਵਾਈਟ ਹਾਊਸ ਨੇੜੇ ਚੱਲੀ ਗੋਲੀ ਤੋਂ ਬਾਅਦ ਟਰੰਪ ਦੀ ਰੁਕਵਾਈ ਗਈ ਬ੍ਰੀਫਿੰਗ

ਵਾਸ਼ਿੰਗਟਨ, 10 ਅਗਸਤ (ਪੋਸਟ ਬਿਊਰੋ) : ਸੋਮਵਾਰ ਦੁਪਹਿਰ ਨੂੰ ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਕਰੋਨਾਵਾਇਰਸ ਸਬੰਧੀ ਬ੍ਰੀਫਿੰਗ ਅਜੇ ਸ਼ੁਰੂ ਹੀ ਕਰਨ ਜਾ ਰਹੇ ਸਨ ਕਿ ਉਨ੍ਹਾਂ ਨੂੰ ਅਮਰੀਕਾ ਦੇ ਸੀਕ੍ਰੇਟ ਸਰਵਿਸ ਏਜੰਟ ਵੱਲੋਂ ਰੋਕ ਦਿੱਤਾ ਗਿਆ ਤੇ ਵਾਈਟ ਹਾਊਸ ਦੇ ਬ੍ਰੀਫਿੰਗ ਰੂਮ ਵਿੱਚੋਂ ਬਾਹਰ ਲਿਜਾਇਆ ਗਿਆ। ਕੁੱਝ ਮਿੰਟ ਬਾਅਦ ਟਰੰਪ ਵਾਪਿਸ ਬ੍ਰੀਫਿੰਗ ਰੂਮ ਵਿੱਚ ਆ ਗਏ ਤੇ ਉਨ੍ਹਾਂ ਆਖਿਆ ਕਿ ਵਾਈਟ ਹਾਊਸ ਦੇ ਬਾਹਰ ਹੋਈ ਸ਼ੂਟਿੰਗ ਕਾਰਨ ਉਨ੍ਹਾਂ ਨੂੰ ਬਾਹਰ ਜਾਣਾ ਪਿਆ। ਹੁਣ



ਸਥਿਤੀ ਕਾਬੂ ਵਿੱਚ ਹੈ। ਟਰੰਪ ਨੇ ਆਖਿਆ ਕਿ ਬਾਹਰ ਸੱਚਮੁੱਚ ਗੋਲੀ ਚੱਲੀ ਹੈ ਤੇ ਕਿਸੇ ਨੂੰ ਹਸਪਤਾਲ ਵੀ ਲਿਜਾਇਆ ਗਿਆ ਹੈ। ਰਾਸ਼ਟਰਪਤੀ ਨੇ ਆਖਿਆ ਕਿ ਇਹ ਗੋਲੀਆਂ ਲਾਅ ਐਨਫੋਰਸਮੈਂਟ ਅਧਿਕਾਰੀਆਂ ਵੱਲੋਂ ਚਲਾਈਆਂ ਗਈਆਂ। ਟਰੰਪ ਨੇ ਅੱਗੇ ਆਖਿਆ ਕਿ ਜਿਸ ਵਿਅਕਤੀ ਨੂੰ ਗੋਲੀ ਲੱਗੀ ਉਸ ਕੋਲ ਹਥਿਆਰ ਸਨ। ਮਸ਼ਕੂਕ ਨੂੰ ਗੋਲੀ ਮਾਰੀ ਗਈ ਹੈ। ...ਬਾਕੀ ਪੰਨਾ 3 'ਤੇ

# ਬੈਰੂਤ ਧਮਾਕੇ ਤੋਂ ਬਾਅਦ ਲੈਬਨਾਨ ਕੈਬਨਿਟ ਨੇ ਦਿੱਤਾ ਅਸਤੀਫਾ

ਬੈਰੂਤ, 10 ਅਗਸਤ (ਪੋਸਟ ਬਿਊਰੋ) : ਪਿਛਲੇ ਹਫਤੇ ਬੈਰੂਤ ਵਿੱਚ ਹੋਏ ਧਮਾਕੇ ਤੋਂ ਬਾਅਦ ਲੋਕਾਂ ਦੇ ਫੁੱਟੇ ਰੋਹ ਮਗਰੋਂ ਲੈਬਨਾਨ ਸਰਕਾਰ ਨੇ ਸੋਮਵਾਰ ਨੂੰ ਅਸਤੀਫਾ ਦੇ ਦਿੱਤਾ। ਸੁਧਾਰਾਂ ਦੀ ਮੰਗ ਦੇ ਚੱਲਦਿਆਂ ਸਰਕਾਰ ਵੱਲੋਂ ਚੁੱਕੇ ਗਏ ਇਸ ਕਦਮ ਤੋਂ ਬਾਅਦ ਸਥਿਤੀ ਕਾਫੀ ਅਸਥਿਰਤਾ ਵਾਲੀ ਬਣ ਗਈ ਹੈ।

ਸਿਹਤ ਮੰਤਰੀ ਹਾਮਦ ਹਸਨ ਨੇ ਦੱਸਿਆ ਕਿ ਕੈਬਨਿਟ ਦੇ ਸਾਂਝੇ ਅਸਤੀਫੇ ਨੂੰ ਲੈ ਕੇ ਪ੍ਰਧਾਨ ਮੰਤਰੀ ਹਸਨ ਦਾਇਬ ਰਾਸ਼ਟਰਪਤੀ ਦੀ ਰਿਹਾਇਸ਼ਗਾਹ ਵੱਲ ਗਏ। 4 ਅਗਸਤ ਨੂੰ ਹੋਏ ਧਮਾਕੇ ਤੋਂ ਬਾਅਦ ਸਰਕਾਰ ਵਿਰੋਧੀ ਮੁਜ਼ਾਹਰਿਆਂ ਤੋਂ ਬਾਅਦ ਇਹ ਨਵਾਂ ਫੇਰਬਦਲ ਵੇਖਣ ਨੂੰ ਮਿਲ ਰਿਹਾ ਹੈ। ਉਸ ਧਮਾਕੇ ਵਿੱਚ ਵੱਡੀ ਪੱਧਰ ਉੱਤੇ ਤਬਾਹੀ ਮਚੀ ਸੀ ਤੇ 160 ਲੋਕ ਮਾਰੇ ਗਏ ਸਨ ਜਦਕਿ 6000 ਹੋਰ ਜ਼ਖ਼ਮੀ ਹੋ ਗਏ ਸਨ।




ਭ੍ਰਿਸ਼ਟਾਚਾਰ, ਅਸਮਰੱਥਾ ਤੇ ਕੁਪ੍ਰਬੰਧਾਂ ਕਾਰਨ ਅਕਤੂਬਰ ਤੋਂ ਹੀ ਇਸ ਸਰਕਾਰ ਖਿਲਾਫ ਮੁਜ਼ਾਹਰੇ ਚੱਲ ਰਹੇ ਸਨ। ਧਮਾਕੇ ਤੋਂ ਬਾਅਦ ਤਾਂ ਸਥਿਤੀ ਕਾਬੂ ਤੋਂ ਬਾਹਰ ਹੀ ਹੋ ਗਈ ਤੇ ਭਰੇ ਪੀਤੇ ਲੋਕਾਂ ਦਾ ਗੁੱਸਾ ਫੁੱਟ ਪਿਆ। ਜ਼ਿਕਰਯੋਗ ਹੈ ਕਿ 1990 ਵਿੱਚ ਖਤਮ ਹੋਈ ਖਾਨਾਜੰਗੀ ਤੋਂ ਬਾਅਦ ਤੋਂ ਹੀ ਕੁਲੀਨ ਤੰਤਰ ਸੱਤਾ ਉੱਤੇ ਕਬਜਾ ਜਮਾਈ ਬੈਠਾ ਸੀ। ਇੱਥੋਂ ਤੱਕ ਕਿ ਕਿਸੇ ਕਾਬਲ ਤੇ ਭਰੋਸੇਯੋਗ ਸਿਆਸੀ ਸ਼ਖਸੀਅਤ, ਜਿਸ ਦੇ ਇਨ੍ਹਾਂ ਨਾਲ ਸਬੰਧ ਨਾ ਹੋਣ, ਦਾ ਮਿਲ ਪਾਉਣਾ ਵੀ ਮੁਸ਼ਕਲ ਹੋਇਆ ਪਿਆ ਸੀ।

ਹਾਲਾਂਕਿ ਇਸ ਤਬਾਹੀ ਤੋਂ ਬਾਅਦ ਦਾਇਬ ਦਾ ਅਸਤੀਫਾ ਕੋਈ ਮਾਇਨੇ ਨਹੀਂ ਰੱਖਦਾ ਤੇ ਉਹ ਹਾਲ ਦੀ ਘੜੀ ਅਹੁਦਾ ਛੱਡਣਾ ਵੀ ਨਹੀਂ ਸਨ ਚਾਹੁੰਦੇ ਕਿਉਂਕਿ ਦੋ ਦਿਨ ਪਹਿਲਾਂ ਹੀ ਟੀਵੀ ਉੱਤੇ ਦਿੱਤੇ ਭਾਸ਼ਣ ਵਿੱਚ ਉਨ੍ਹਾਂ ਆਖਿਆ ਸੀ ਕਿ ਉਹ ਦੋ ਮਹੀਨੇ ਆਪਣੇ ਅਹੁਦੇ ਉੱਤੇ ਬਣੇ ਰਹਿਣਗੇ ਤਾਂ ਕਿ ਵੱਖ ਵੱਖ ਧੜੇ ਸੁਧਾਰਾਂ ਲਈ ਰੋਡਮੈਪ ਤਿਆਰ ਕਰਨ ਉੱਤੇ ਸਹਿਮਤ ਹੋ ਸਕਣ। ਪਰ ਇਸ ਵਾਰੀ ਉਨ੍ਹਾਂ ਦੀ ਦਾਲ ਨਹੀਂ ਗਲੀ ਕਿਉਂਕਿ ਉਨ੍ਹਾਂ ਦੇ ਆਪਣੇ ਕੈਬਨਿਟ ਵੱਲੋਂ ਹੀ ਉਨ੍ਹਾਂ ਉੱਤੇ ਕਾਫੀ ਦਬਾਅ ਪਾਇਆ ਗਿਆ ਲੱਗਦਾ ਸੀ ਜਿਸ ਕਾਰਨ ਅਨਮਨੇ ਮਨ ਨਾਲ ਉਨ੍ਹਾਂ ਨੂੰ ਅਸਤੀਫਾ ਦੇਣਾ ਪਿਆ।

ਦਾਇਬ ਦੀ ਸਰਕਾਰ ਉਸ ਸਮੇਂ ਸੱਤਾ ਵਿੱਚ ਆਈ ਜਦੋਂ ਉਨ੍ਹਾਂ ਦੇ ਪੂਰਵਜ਼ ਸਾਦ ਹਰੀਰੀ ਨੇ ਅਕਤੂਬਰ ਵਿੱਚ ਲੋਕਾਂ ਦੇ ਰੋਹ ਤੋਂ ਬਾਅਦ ਆਪਣਾ ਅਹੁਦਾ ਛੱਡਿਆ। ਬੜੇ ਜੋੜ ਤੋੜ ਤੋਂ ਬਾਅਦ ਸਾਰਿਆਂ ਦੀ ਸਹਿਮਤੀ ਦਾਇਬ ਉੱਤੇ ਬਣੀ। ਉਨ੍ਹਾਂ ਦੀ ਸਰਕਾਰ ਨੂੰ ਹਿਜ਼ਬੁਲ੍ਹਾ ਤੇ ਉਸ ਦੇ ਸਹਿਯੋਗੀਆਂ ਦਾ ਥਾਪੜਾ ਸੀ ਤੇ ਇਸ ਨੂੰ ਇੱਕਪਾਸੜ ਸਰਕਾਰ ਮੰਨਿਆ ਜਾਂਦਾ ਸੀ। ਇਨ੍ਹਾਂ ਕੋਈ ਸੁਧਾਰ ਤਾਂ ਕੀ ਕਰਨਾ ਸੀ ਸਗੋਂ ਸੁਧਾਰ ਦੀ ਮੰਗ ਕਰਨ ਵਾਲੇ ਸਾਰੇ ਧੜਿਆਂ ਨੂੰ ਸੱਤਾ ਤੋਂ ਬਾਹਰ ਕਰ ਦਿੱਤਾ।

# ਮੈਨੀਟੋਬਾ ਵਿੱਚ ਵਾਵਰੋਲੇ ਨੇ ਲਈਆਂ ਦੋ ਜਾਨਾਂ, ਇੱਕ ਜ਼ਖ਼ਮੀ

ਟੋਰਾਂਟੋ, 10 ਅਗਸਤ (ਪੋਸਟ ਬਿਊਰੋ) : ਨਿੱਕੇ ਜਿਹੇ ਮੈਨੀਟੋਬਾ ਦੇ ਟਾਊਨ ਵਿੱਚ ਜਿੱਥੇ ਹਰ ਕੋਈ ਇੱਕ ਦੂਜੇ ਨੂੰ ਜਾਣਦਾ ਹੈ ਉੱਥੇ ਸਾਇਨਾ ਬਾਰਨੈਸਕੀ ਤੇ ਕਾਰਟਰ ਟਿਲਬਰੀ ਵੀ ਐਲੀਮੈਂਟਰੀ ਸਕੂਲ ਤੋਂ ਹੀ ਇੱਕ ਦੂਜੇ ਦੇ ਨਾਲ ਰਹੇ। ਹਾਈ ਸਕੂਲ ਪਹੁੰਚ ਕੇ ਦੋਵਾਂ ਨੇ ਇੱਕ ਦੂਜੇ ਨੂੰ ਡੇਟ ਕਰਨਾ ਸ਼ੁਰੂ ਕੀਤਾ ਪਰ ਪਿਛਲੇ ਸ਼ੁੱਕਰਵਾਰ ਉਹ ਦੋਵੇਂ ਵਾਵਰੋਲੇ ਦੀ ਚਪੇਟ ਵਿੱਚ ਆਉਣ ਕਾਰਨ ਮਾਰੇ ਗਏ। ਉਹ ਦੋਵੇਂ ਰੂਰਲ ਮਿਊਂਸਪੈਲਿਟੀ ਆਫ ਪਾਈਪਸਟੋਨ ਵਿੱਚੋਂ ਆਪਣੇ ਟਰੱਕ ਉੱਤੇ ਲੰਘ ਰਹੇ ਸਨ ਕਿ ਅਚਾਨਕ ਆਏ ਵਾਵਰੋਲੇ ਨੇ ਉਨ੍ਹਾਂ ਨੂੰ ਗੱਡੀ ਵਿੱਚੋਂ ਬਾਹਰ ਚੁੱਕ ਮਾਰਿਆ। ਸਾਰੇ ਮੈਲੀਟਾ ਇਲਾਕੇ ਵਿੱਚ ਸੋਗ ਦੀ ਲਹਿਰ ਛਾਈ ਹੋਈ ਹੈ।



ਦੋਵੇਂ 18 ਸਾਲਾਂ ਦੇ ਸਨ, ਦੋਵੇਂ ਬਹੁਤ ਕੇਅਰਿੰਗ ਸਨ, ਅਥਲੀਟ ਸਨ ਤੇ ਦੋਵਾਂ ਦੇ ਪਰਿਵਾਰ ਇਸੇ ਟਾਊਨ ਤੋਂ ਸਨ। ਪੁਲਿਸ ਨੇ ਦੱਸਿਆ ਕਿ ਟਿਲਬਰੀ ਦਾ ਟਰੱਕ ਹਾਈਵੇਅ ਤੋਂ ਇੱਕ ਕਿਲੋਮੀਟਰ ਦੀ ਦੂਰੀ ਉੱਤੇ ਮਿ-ਲਿਆ। ਦੋਵੇਂ ਟੀਨੇਜਰਜ਼ ਖੇਤਾਂ ਵਿੱਚ ਡਿੱਗੇ ਮਿਲੇ। ਦੋਵਾਂ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ।

ਇੱਕ ਹੋਰ ਵਿਅਕਤੀ ਆਪਣੀ ਕਾਰ ਵਿੱਚ ਫਸਿਆ ਹੋਇਆ ਸੀ ਜੋ ਹੇਠਾਂ ਡਿੱਗੀਆਂ ਹੋਈਆਂ ਬਿਜਲੀ ਦੀਆਂ ਤਾਰਾਂ ਵਿੱਚ ਉਲਝੀ ਹੋਈ ਸੀ। ਸਿਓ ਵੈਲੀ ਡਕੋਤਾ ਫਰਸਟ ਨੇਸ਼ਨ ਨਾਲ ਸਬੰਧਤ 54 ਸਾਲਾ ਵਿਅਕਤੀ ਨੂੰ ਕਾਫੀ ਸੱਟਾਂ ਲੱਗੀਆਂ ਪਰ ਇਸ ਸਮੇਂ ਉਹ ਹਸਪਤਾਲ ਵਿੱਚ ਜ਼ੇਰੇ ਇਲਾਜ ਹੈ।

# ਮਿਸੀਸਾਗਾ ਦੇ ਲੌਂਗੋਜ਼ ਸਟੋਰ ਦੇ ਤਿੰਨ ਮੁਲਾਜ਼ਮ ਪਾਏ ਗਏ ਕੋਵਿਡ-19 ਪਾਜ਼ੀਟਿਵ

ਮਿਸੀਸਾਗਾ, 10 ਅਗਸਤ (ਪੋਸਟ ਬਿਊਰੋ) : ਮਿਸੀਸਾਗਾ ਦੇ ਲੌਂਗੋਜ਼ ਸਟੋਰ ਦੇ ਤਿੰਨ ਕਰਮਚਾਰੀ ਕੋਵਿਡ-19 ਪਾਜ਼ੀਟਿਵ ਪਾਏ ਗਏ ਹਨ। ਰੈਥਬਰਨ ਰੋਡ ਉੱਤੇ ਸਥਿਤ ਸਟੋਰ, ਜਿਸ ਨੂੰ ਲੌਂਗੋਜ਼ ਪੋਨੀਟਰੇਲ ਵਜੋਂ ਵੀ ਜਾਣਿਆ ਜਾਂਦਾ ਹੈ, ਵੱਲੋਂ 7 ਅਗਸਤ ਨੂੰ ਇਨ੍ਹਾਂ ਮਾਮਲਿਆਂ ਦੀ ਰਿਪੋਰਟ ਕੀਤੀ ਗਈ। ਜਿਹੜੇ ਕਰਮਚਾਰੀ ਪਾਜ਼ੀਟਿਵ ਪਾਏ ਗਏ ਹਨ ਉਨ੍ਹਾਂ ਨੇ ਆਖਰੀ ਵਾਰੀ 4-6 ਅਗਸਤ ਨੂੰ ਸਟੋਰ ਵਿੱਚ ਕੰਮ ਕੀਤਾ ਸੀ। ਉਨ੍ਹਾਂ ਦੇ ਸੰਪਰਕ ਵਿੱਚ ਆਉਣ ਵਾਲੇ ਦੂਜੇ ਮੁਲਾਜ਼ਮਾਂ ਨੂੰ ਘਰ ਵਿੱਚ ਰਹਿ ਕੇ ਲੱਛਣਾਂ ਉੱਤੇ ਨਜ਼ਰ ਰੱਖਣ ਲਈ ਆਖਿਆ ਗਿਆ ਹੈ। ਲੌਂਗੋਜ਼ ਨੇ ਆਖਿਆ ਕਿ ਇਸ ਦੌਰਾਨ ਉਹ ਆਪਣੇ ਮੁਲਾਜ਼ਮਾਂ ਨੂੰ ਪੂਰੀ ਤਨਖਾਹ ਦੇਣਗੇ। ਆਪਣੀ



ਵੈਬਸਾਈਟ ਉੱਤੇ ਲੌਂਗੋਜ਼ ਨੇ ਆਖਿਆ ਕਿ ਇਸ ਦੌਰਾਨ ਕਸਟਮਰਜ਼ ਨੂੰ ਖਤਰਾ ਬਹੁਤ ਘੱਟ ਰਹਿਣ ਦੀ ਉਮੀਦ ਹੈ। ਸਟੋਰ ਵੱਲੋਂ ਆਪਣੀ ਇਹ ਲੋਕੇਸ਼ਨ ਬੰਦ ਨਹੀਂ ਕੀਤੀ ਗਈ।

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance | Critical illness Ins | Travel & Visitor Ins | RESP & TFSA & RRSP
Super Visa Insurance | Mortgage Insurance | Disability Insurance | Funeral Insurance
SIMRAN SAINI 416.994.7272
www.allkindinsurance.com

INSURANCE
Home | Auto | Business | Trucking | Life Insurance | Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axxel InsuranceBrokers Ltd. | 1332 Khalsa Dr, Unit # 11, Mississauga, ON L5S 0A2

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
Custom Kitchen Cabinets | Completly Furnished
Legal Basement | Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

Royal Pest Control
Residential Commercial Industrial
Specialist in Bedbugs Service
All Pest Control :
Mouse & Rats | Spiders & Fleas | Bedbugs | Wasps
Cockroaches | Carpenter Ants | Silver Fish | Racoons
Call : PARESH PATEL (Government Approved Licensed Technician)
416 938 4598

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Advice you can bank on.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
Real Estate Law | Business Law
Wills & Estates | Family Law
Power of Attorney | Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com



Data everywhere.
No surprise charges
anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਛੁਰੇਬਾਜ਼ੀ ਵਿੱਚ ਇੱਕ ਵਿਅਕਤੀ ਜ਼ਖ਼ਮੀ, ਮਹਿਲਾ ਹਿਰਾਸਤ 'ਚ




ਟੋਰਾਂਟੋ, 10 ਅਗਸਤ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਵਾਪਰੀ ਛੁਰੇਬਾਜ਼ੀ ਦੀ ਘਟਨਾ ਵਿੱਚ ਜ਼ਖ਼ਮੀ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ ਜਦਕਿ ਇੱਕ ਮਹਿਲਾ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਇਹ ਘਟਨਾ ਸ਼ਾਮੀਂ 7:00 ਵਜੇ ਤੋਂ ਠੀਕ ਪਹਿਲਾਂ "ਦ ਕਾਲੇਜਵੇਅ ਤੇ ਹੌਰਨਬੀਮ ਕ੍ਰੀਸੈਂਟ" ਇਲਾਕੇ ਵਿੱਚ ਵਾਪਰੀ। ਪੀਲ ਰੀਜਨਲ ਪੁਲਿਸ ਨੇ ਆਖਿਆ ਕਿ ਜ਼ਖ਼ਮੀ ਵਿਅਕਤੀ ਦੀ ਹਾਲਤ ਸਥਿਰ ਹੈ। ਪੁਲਿਸ ਨੇ ਇਹ ਵੀ ਆਖਿਆ ਕਿ ਇਸ ਮਾਮਲੇ ਵਿੱਚ ਉਨ੍ਹਾਂ ਨੂੰ ਕਿਸੇ ਹੋਰ ਮਸ਼ਕੂਕ ਦੀ ਭਾਲ ਨਹੀਂ ਹੈ। ਦੋਵਾਂ ਵਿਚਾਲੇ ਕੀ ਸਬੰਧ ਸੀ ਇਸ ਬਾਰੇ ਅਜੇ ਕੁੱਝ ਪਤਾ ਨਹੀਂ ਲੱਗ ਸਕਿਆ ਹੈ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

## ਲਾਪਤਾ 4 ਸਾਲਾ ਬੱਚੀ ਦੀ ਗੁਆਂਢੀ ਦੇ ਪੂਲ ਵਿੱਚੋਂ ਮਿਲੀ ਲਾਸ਼



ਮਾਂਟਰੀਅਲ, 10 ਅਗਸਤ (ਪੋਸਟ ਬਿਊਰੋ) : ਕਿਊਬਿਕ ਸਿਟੀ ਦੇ ਨੇੜਿਓ ਸ਼ੈਨਨ ਤੋਂ ਲਾਪਤਾ ਹੋਈ ਇੱਕ ਚਾਰ ਸਾਲਾ ਬੱਚੀ ਦੀ ਲਾਸ਼ ਐਤਵਾਰ ਰਾਤੀਂ 12:45 ਉੱਤੇ ਗੁਆਂਢੀ ਦੇ ਪੂਲ ਵਿੱਚੋਂ ਮਿਲੀ। ਇਹ ਜਾਣਕਾਰੀ ਸ਼ਰੇਤੇ ਡੂ ਕਿਊਬਿਕ ਦੀ ਤਰਜ਼ਮਾਨ ਮੈਰੀ ਮਿਸ਼ੇਲ ਮੂਰ ਨੇ ਦਿੱਤੀ।

ਮੂਰ ਨੇ ਆਖਿਆ ਕਿ ਲੀਅ ਫਿਸੈਟਸ ਨੂੰ ਸੀਪੀਆਰ ਵੀ ਦਿੱਤੀ ਗਈ ਤੇ ਉਸ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਦੀ ਮੌਤ ਦੀ ਪੁਸ਼ਟੀ ਕਰ ਦਿੱਤੀ ਗਈ। ਸੋਮਵਾਰ ਸਵੇਰੇ ਪੁਲਿਸ ਇਹ ਨਹੀਂ ਸੀ ਦੱਸ ਪਾ ਰਹੀ ਕਿ ਬੱਚੀ ਦੀ ਮੌਤ ਕਿਹੋ ਜਿਹੇ ਹਾਲਾਤ ਵਿੱਚ ਹੋਈ। ਮੌਕੇ ਉੱਤੇ ਕ੍ਰਾਈਮ ਸੀਨ ਟੈਕਨੀਸ਼ੀਅਨ, ਜਾਂਚਕਾਰ ਤੇ ਕੌਰੋਨਰ ਮੌਜੂਦ ਸਨ।

ਲਾਪਤਾ ਬੱਚੀ ਦੀ ਭਾਲ ਵਿੱਚ ਐਤਵਾਰ ਨੂੰ ਡੌਨਲਡਸਨ ਸਟਰੀਟ ਉੱਤੇ ਸ਼ਾਮੀਂ 5:00 ਵਜੇ ਪੁਲਿਸ ਤਾਇਨਾਤ ਕੀਤੀ ਗਈ ਸੀ। ਉਸ ਦੀ ਭਾਲ ਕਰਨ ਲਈ ਪੁਲਿਸ ਦੇ ਨਾਲ ਨਾਲ ਵਾਲੰਟੀਅਰ ਵੀ ਲੱਗੇ ਹੋਏ ਸਨ। ਇਨ੍ਹਾਂ ਤੋਂ ਇਲਾਵਾ ਕੈਨੇਡੀਅਨ ਹਥਿਆਰਬੰਦ ਸੈਨਾਵਾਂ ਦਾ ਹੈਲੀਕਾਪਟਰ ਵੀ ਫਿਸੈਟਸ ਦੀ ਭਾਲ ਵਿੱਚ ਲੱਗਿਆ ਹੋਇਆ ਸੀ।

# ਚੇਨਸਾਅਜ਼ ਨਾਲ ਜ਼ਖ਼ਮੀ ਹਾਲਤ ਵਿੱਚ ਟੋਰਾਂਟੋ ਦੇ ਬੀਚ ਉੱਤੇ ਘੁੰਮ ਰਹੇ ਦੋ ਵਿਅਕਤੀ ਗ੍ਰਿਫਤਾਰ



ਟੋਰਾਂਟੋ, 11 ਅਗਸਤ (ਪੋਸਟ ਬਿਊਰੋ) : ਟੋਰਾਂਟੋ ਦੇ ਚੈਰੀ ਬੀਚ ਇਲਾਕੇ ਵਿੱਚੋਂ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਨ੍ਹਾਂ ਵਿਅਕਤੀਆਂ ਕੋਲ ਚੇਨਸਾਅਜ਼ ਸਨ ਤੇ ਉਹ ਦੋਵੇਂ ਜ਼ਖ਼ਮੀ ਵੀ ਸਨ।

ਇੱਕ ਜੌਗਰ ਨੇ ਦੱਸਿਆ ਕਿ ਉਹ ਐਤਵਾਰ ਸਵੇਰੇ ਬੀਚ ਤੇ ਰੇਗਾਟਾ ਰੋਡ ਦਰਮਿਆਨ ਚੈਰੀ ਸਟਰੀਟ ਉੱਤੇ ਜੌਗਿੰਗ ਕਰ ਰਹੀ ਸੀ ਕਿ ਉਸ ਨੇ ਇੱਕ ਨਿੱਕੇ ਲੜਕੇ ਨੂੰ ਉਸ ਦੇ ਅੱਗਿਓਂ ਭੱਜਦਿਆਂ ਵੇਖਿਆ। ਫਿਰ ਉਸ ਨੇ ਥੋੜ੍ਹੀ ਦੂਰੀ ਉੱਤੇ ਦੋ ਵਿਅਕਤੀਆਂ ਨੂੰ ਵੇਖਿਆ ਜਿਨ੍ਹਾਂ ਦੇ ਹੱਥਾਂ ਵਿੱਚ ਚੇਨਸਾਅਜ਼ ਸਨ, ਉਨ੍ਹਾਂ ਦੇ ਸਿਰ, ਬਾਹਵਾਂ, ਧੜਾਂ ਉੱਤੇ ਖੂਨ ਹੀ ਖੂਨ ਸੀ। ਇਹ ਵੇਖ ਕੇ ਉਹ ਨੇੜੇ ਹੀ ਡਰ ਦੀ ਮਾਰੀ ਰੁੱਖਾਂ ਪਿੱਛੇ ਲੁਕ ਗਈ।

ਥੋੜ੍ਹੇ ਸਮੇਂ ਬਾਅਦ ਉਸ ਨੇ ਝਾਤੀ ਮਾਰ ਕੇ ਵੇਖਿਆ ਤਾਂ ਦੋਵੇਂ ਵਿਅਕਤੀ ਉਸ ਵੱਲ ਹੀ ਵੱਧ ਰਹੇ ਸਨ ਤੇ ਆਪਣੀਆਂ ਚੇਨਸਾਅਜ਼ ਦੇ ਇੰਜਣ ਸਟਾਰਟ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਫਿਰ ਉਹ ਉੱਥੋਂ ਭੱਜ ਨਿਕਲੀ ਤੇ ਉਸ ਨੇ 911 ਉੱਤੇ ਫੋਨ ਕੀਤਾ। ਟੋਰਾਂਟੋ ਪੁਲਿਸ ਨੇ ਦੱਸਿਆ ਕਿ ਉਹ ਸਵੇਰੇ 9:49 ਉੱਤੇ ਮੌਕੇ ਉੱਤੇ ਪਹੁੰਚੇ। ਕਾਂਸਟੇਬਲ ਕੈਰੋਲਿਨ ਡੀ ਕਲੋਏ ਨੇ ਦੱਸਿਆ ਕਿ ਦੋ ਵਿਅਕਤੀ ਇੱਕ ਵੱਡੇ ਗਰੁੱਪ ਦੇ ਲੋਕਾਂ ਨਾਲ ਲੜਾਈ ਕਰ ਰਹੇ ਸਨ ਤੇ ਇਸ ਕਾਰਨ ਹੀ ਉਹ ਜ਼ਖ਼ਮੀ ਹੋਏ ਸਨ।

ਫਿਰ ਉਹ ਮੌਕੇ ਉੱਤੇ ਹਥਿਆਰ ਲੈ ਕੇ ਪਰਤੇ। ਪੁਲਿਸ ਨੇ ਦੱਸਿਆ ਕਿ ਦੁਬਾਰਾ ਘਟਨਾ ਵਾਲੀ ਥਾਂ ਉੱਤੇ ਪਹੁੰਚਣ ਉੱਤੇ ਪੁਲਿਸ ਨੇ ਦੋਵਾਂ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਤੇ ਉਨ੍ਹਾਂ ਉੱਤੇ ਚਾਰਜ ਵੀ ਲਾਏ ਗਏ। ਪੁਲਿਸ ਅਧਿਕਾਰੀਆਂ ਨੇ ਚਸ਼ਮਦੀਦਾਂ ਦੇ ਬਿਆਨ ਵੀ ਲਏ ਹਨ ਤੇ ਵੀਡੀਓ ਸਬੂਤ ਵੀ ਹਾਸਲ ਕੀਤੇ ਹਨ। ਮੇਅਰ ਜੌਹਨ ਟੋਰੀ ਨੇ ਆਖਿਆ ਕਿ ਚੈਰੀ ਬੀਚ ਉੱਤੇ ਹੋਣ ਵਾਲੀਆਂ ਪਾਰਟੀਆਂ ਉੱਤੇ ਸਿਟੀ ਵੱਲੋਂ ਪੂਰੀ ਨਜ਼ਰ ਰੱਖੀ ਜਾਵੇਗੀ।

## ਮਹਿਲਾ ਨੂੰ ਅਗਵਾ ਕਰਨ ਵਾਲੇ ਮਸ਼ਕੂਕ ਦੀ ਭਾਲ ਕਰ ਰਹੀ ਹੈ ਪੁਲਿਸ



ਟੋਰਾਂਟੋ, 10 ਅਗਸਤ (ਪੋਸਟ ਬਿਊਰੋ) : ਸੋਮਵਾਰ ਸ਼ਾਮ ਨੂੰ ਸਕਾਰਬੌਰੋ ਤੋਂ ਅਗਵਾ ਕੀਤੀ ਗਈ ਇੱਕ ਮਹਿਲਾ ਦੇ ਸਬੰਧ ਵਿੱਚ ਟੋਰਾਂਟੋ ਪੁਲਿਸ ਵੱਲੋਂ ਇੱਕ ਮਸ਼ਕੂਕ ਦੀ ਭਾਲ ਕੀਤੀ ਜਾ ਰਹੀ ਹੈ।

ਜਾਂਚਕਾਰਾਂ ਅਨੁਸਾਰ ਸ਼ਾਮੀਂ 5:41 ਉਤੇ ਐਮਪ੍ਰਿੰਘਮ ਡਰਾਈਵ ਤੇ ਸੇਵੈਲਜ਼ ਰੋਡ ਇਲਾਕੇ ਵਿੱਚ ਇੱਕ ਵਿਅਕਤੀ ਨੇ ਜ਼ਬਰਦਸਤੀ ਇੱਕ ਮਹਿਲਾ ਨੂੰ ਗੱਡੀ ਵਿੱਚ ਬੈਠਣ ਲਈ ਮਜਬੂਰ ਕੀਤਾ। ਰਾਤੀਂ 9:00 ਵਜੇ ਕੀਤੇ ਗਏ ਟਵੀਟ ਵਿੱਚ ਪੁਲਿਸ ਨੇ ਆਖਿਆ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਉਸ ਮਹਿਲਾ ਨੂੰ ਅਗਵਾ ਕਰ ਲਿਆ ਗਿਆ ਹੈ।

ਜਿਸ ਮਸ਼ਕੂਕ ਦੀ ਭਾਲ ਪੁਲਿਸ ਵੱਲੋਂ ਕੀਤੀ ਜਾ ਰਹੀ ਹੈ ਉਸ ਦੀ ਪਛਾਣ 34 ਸਾਲਾਂ ਦੇ ਸੰਤੋਸ਼ ਕੁਮਾਰ ਸੇਲਵਾਰਾਜਾਹ ਵਜੋਂ ਕੀਤੀ ਗਈ ਹੈ। ਪੁਲਿਸ ਨੇ ਦੱਸਿਆ ਕਿ ਮਸ਼ਕੂਕ ਨੇ ਗ੍ਰੇਅ ਤੇ ਚਿੱਟੇ ਰੰਗ ਦੀ ਸ਼ਰਟ, ਨੀਲੇ ਰੰਗ ਦੀਆਂ ਸ਼ੌਰਟਸ ਤੇ ਬੇਸਬਾਲ ਕੈਪ ਪਾਈ ਹੋਈ ਸੀ, ਜਿਸ ਉੱਤੇ ਲੋਗੋ ਵੀ ਬਣਿਆ ਹੋਇਆ ਸੀ।

ਪੁਲਿਸ ਨੇ ਇਹ ਵੀ ਦੱਸਿਆ ਕਿ ਸੇਲਵਾਰਾਜਾਹ ਕਾਲੇ ਰੰਗ ਦੀ ਐਕਿਊਰਾ ਟੀਐਸਐਕਸ ਚਲਾ ਰਿਹਾ ਸੀ ਜਿਸ ਉੱਤੇ ਸੀਕੇਜੇਈ 528 ਦੀ ਲਾਇਸੰਸ ਪਲੇਟ ਸੀ।

# ਬਾਲਟੀਮੋਰ ਵਿੱਚ ਗੈਸ ਧਮਾਕਾ, 1 ਹਲਾਕ, 4 ਜ਼ਖ਼ਮੀ

### ਕਈ ਹੋਰਨਾਂ ਦੇ ਮਲਬੇ ਵਿੱਚ ਦੱਬੇ ਹੋਣ ਦਾ ਖਦਸ਼ਾ

ਬਾਲਟੀਮੋਰ, 10 ਅਗਸਤ (ਪੋਸਟ ਬਿਊਰੋ) : ਨੈਚੂਰਲ ਗੈਸ ਕਾਰਨ ਹੋਏ ਧਮਾਕੇ ਵਿੱਚ ਸੋਮਵਾਰ ਨੂੰ ਬਾਲਟੀਮੋਰ ਵਿੱਚ ਤਿੰਨ ਘਰ ਮਲੀਆ ਮੇਟ ਹੋ ਗਏ, ਇੱਕ ਮਹਿਲਾ ਦੀ ਮੌਤ ਹੋ ਗਈ ਤੇ ਕਈ ਹੋਰ ਮਲਬੇ ਵਿੱਚ ਦੱਬ ਗਏ। ਘੱਟੋ ਘੱਟ ਚਾਰ ਵਿਅਕਤੀਆਂ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਪਹੁੰਚਾਇਆ ਗਿਆ। ਮਲਬੇ ਥੱਲੇ ਦੱਬੇ ਲੋਕਾਂ ਦੀ ਫਾਇਰਫਾਈਟਰਜ਼ ਵੱਲੋਂ ਭਾਲ ਕੀਤੀ ਜਾ ਰਹੀ ਹੈ।

ਇੱਕ ਚੌਥੇ ਘਰ ਨੂੰ ਵੀ ਕਾਫੀ ਨੁਕਸਾਨ ਪਹੁੰਚਿਆ, ਨੇੜਲੇ ਹੋਰਨਾਂ ਘਰਾਂ ਦੀਆਂ ਖਿੜਕੀਆਂ ਦੇ ਸ਼ੀਸ਼ੇ ਟੁੱਟ ਗਏ, ਚਾਰੇ ਪਾਸੇ ਕੱਚ ਤੇ ਮਲਬੇ ਦੇ ਢੇਰ ਹੀ ਨਜ਼ਰ ਆ ਰਹੇ ਸਨ। ਬਾਲਟੀਮੋਰ ਫਾਇਰ ਡਿਪਾਰਟਮੈਂਟ ਦੀ ਤਰਜ਼ਮਾਨ ਬਲੇਅਰ ਐਡਮਜ਼ ਨੇ ਦੱਸਿਆ ਕਿ ਚਾਰ ਵਿਅਕਤੀਆਂ ਨੂੰ ਹਸਪਤਾਲ ਲਿਜਾਇਆ ਗਿਆ ਜਦਕਿ ਇੱਕ ਮਹਿਲਾ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ।

ਇਸ ਧਮਾਕੇ ਦਾ ਕਾਰਨ ਅਜੇ ਸਪਸ਼ਟ ਨਹੀਂ ਹੋ ਸਕਿਆ ਹੈ ਪਰ ਪ੍ਰਾਪਤ ਜਾਣਕਾਰੀ ਅਨੁਸਾਰ ਪਿਛਲੇ ਸਾਲ ਇਹ ਰਿਪੋਰਟਾਂ ਸਾਹਮਣੇ ਆਈਆਂ ਸਨ ਕਿ ਇੱਥੇ ਖਤਰਨਾਕ ਗੈਸ ਲੀਕੇਜ ਆਮ ਗੱਲ ਹੋ ਗਈ ਹੈ। ਯੂਟਿਲਿਟੀ ਵੱਲੋਂ ਫੈਡਰਲ ਅਧਿਕਾਰੀਆਂ ਨੂੰ ਕੀਤੀ ਗਈ ਰਿਪੋਰਟ ਅਨੁਸਾਰ ਔਸਤਨ ਦੋ ਦਰਜਨ ਦੇ ਨੇੜੇ ਤੇੜੇ ਘਰ ਅਕਸਰ ਇਸ ਦੀ ਸ਼ਿਕਾਇਤ ਕਰਦੇ ਰਹਿੰਦੇ ਹਨ। ਬਾਲਟੀਮੋਰ ਗੈਸ ਐਂਡ ਇਲੈਕਟ੍ਰਿਕ ਕੰਪਨੀ ਦੀਆਂ ਹਜ਼ਾਰਾਂ ਮੀਲ ਅਜਿਹੀਆ ਪਾਈਪਾਂ ਹਨ ਜਿਨ੍ਹਾਂ ਨੂੰ ਬਦਲੇ ਜਾਣ ਦੀ ਲੋੜ ਹੈ। ਇਸ ਸਾਰੇ ਕੰਮ ਵਿੱਚ ਇੱਕ ਬਿਲੀਅਨ ਡਾਲਰ ਦਾ ਖਰਚਾ ਤੇ ਦੋ ਦਹਾਕੇ ਦਾ ਸਮਾਂ ਲੱਗ ਸਕਦਾ ਹੈ।



ਫਾਇਰ ਡਿਪਾਰਟਮੈਂਟ ਵੱਲੋਂ ਸੋਮਵਾਰ ਸਵੇਰੇ 9:54 ਵਜੇ ਇਸ ਹਾਦਸੇ ਦੀ ਕਾਲ ਆਉਣ ਤੋਂ ਬਾਅਦ ਬੀਜੀਈ ਨੇ ਇਸ ਇਲਾਕੇ ਦੀ ਗੈਸ ਸਪਲਾਈ ਬੰਦ ਕਰ ਦਿੱਤੀ।

# ਭਲਕੇ ਤੀਜੇ ਪੜਾਅ ਵਿੱਚ ਦਾਖਲ ਹੋਵੇਗਾ ਵਿੰਡਸਰ-ਐਸੈਕਸ

ਵਿੰਡਸਰ, ਓਨਟਾਰੀਓ, 10 ਅਗਸਤ (ਪੋਸਟ ਬਿਊਰੋ) : ਤੀਜੇ ਪੜਾਅ ਵਿੱਚ ਵਿੰਡਸਰ ਐਸੈਕਸ ਨੂੰ ਵੀ ਬਾਕੀ ਪ੍ਰੋਵਿੰਸ ਨਾਲ ਦਾਖਲ ਹੋਣ ਦੀ ਇਜਾਜ਼ਤ ਆਖਿਰਕਾਰ ਮਿਲ ਹੀ ਗਈ।

ਪ੍ਰੋਵਿੰਸ ਵੱਲੋਂ ਇਹ ਐਲਾਨ ਸੋਮਵਾਰ ਨੂੰ ਕੀਤਾ ਗਿਆ। ਅਹਿਮ ਹੈਲਥ ਇੰਡੀਕੇਟਰਜ਼ ਪ੍ਰਤੀ ਸਕਾਰਾਤਮਕ ਲੋਕਲ ਰੁਝਾਨ ਵੇਖਣ ਤੋਂ ਬਾਅਦ ਹੀ ਇਹ ਫੈਸਲਾ ਕੀਤਾ ਗਿਆ। ਇਹ ਰੀਜਨ ਓਨਟਾਰੀਓ ਦੇ ਰੀਓਪਨਿੰਗ ਪਲੈਨ ਨਾਲ ਬੁੱਧਵਾਰ ਨੂੰ 12:01 ਵਜੇ ਅਗਲੇ ਪੜਾਅ ਵਿੱਚ ਸ਼ਾਮਲ ਹੋ ਸਕੇਗਾ।



ਇੱਕ ਨਿਊਜ਼ ਰਲੀਜ਼ ਵਿੱਚ ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਇਹ ਸੱਭ ਸਾਡੇ ਫਰੰਟਲਾਈਨ ਹੈਲਥ ਕੇਅਰ ਵਰਕਰਜ਼, ਪਬਲਿਕ ਹੈਲਥ ਮਾਹਿਰਾਂ ਤੇ ਵਿੰਡਸਰ ਐਸੈਕਸ ਦੇ ਲੋਕਾਂ ਦੀਆਂ ਕੋਸ਼ਿਸ਼ਾਂ ਦਾ ਸਾਂਝਾ ਨਤੀਜਾ ਹੈ। ਹੁਣ ਬੁੱਧਵਾਰ ਨੂੰ ਰੀਜਨ ਦੇ ਹੋਰ ਕਾਰੋਬਾਰ ਕੰਮਕਾਜ ਲਈ ਖੁੱਲ੍ਹ ਸਕਣਗੇ ਤੇ ਹੋਰ ਲੋਕ ਆਪਣੇ ਕੰਮਕਾਜ ਉੱਤੇ ਪਰਤ ਸਕਣਗੇ।

ਜ਼ਿਕਰਯੋਗ ਹੈ ਕਿ ਬਾਕੀ ਓਨਟਾਰੀਓ ਤੀਜੇ ਪੜਾਅ ਵਿੱਚ ਦਾਖਲ ਹੋ ਚੁੱਕਿਆ ਹੈ। ਫੋਰਡ ਨੇ ਕਿਹਾ ਕਿ ਸਾਰਿਆਂ ਨੂੰ ਪਬਲਿਕ ਹੈਲਥ ਮਾਪਦੰਡ ਅਪਨਾਉਣ ਲਈ ਆਖਿਆ ਜਾ ਰਿਹਾ ਹੈ ਤੇ ਇਸੇ ਲਈ ਅਸੀਂ ਇਸ ਘਾਤਕ ਵਾਇਰਸ ਨੂੰ ਦੂਰ ਰੱਖਣ ਵਿੱਚ ਕਾਮਯਾਬ ਵੀ ਹੋ ਪਾ ਰਹੇ ਹਾਂ। ਤੀਜੇ ਪੜਾਅ ਵਿੱਚ ਜਿੰਮ, ਇੰਡੋਰ ਡਾਇਨਿੰਗ, ਬਾਰਜ਼ ਤੇ ਰੈਸਟੋਰੈਂਟਸ ਅਤੇ ਕਈ ਫੇਸ਼ੀਅਲ ਸੇਵਾਵਾਂ ਖੁੱਲ੍ਹ ਜਾਣਗੀਆਂ। ਇੰਡੋਰ ਵਿੱਚ 50 ਲੋਕ ਤੇ ਆਊਟਡੋਰਜ਼ ਵਿੱਚ 100 ਲੋਕ ਇੱਕਠੇ ਹੋ ਸਕਣਗੇ। ਫਿਜ਼ੀਕਲ ਡਿਸਟੈਂਸਿੰਗ ਦਾ ਫਿਰ ਵੀ ਪਾਲਣ ਕਰਨਾ ਹੋਵੇਗਾ।

ਉਨ੍ਹਾਂ ਆਖਿਆ ਕਿ ਉਹ ਹਰੇਕ ਓਨਟਾਰੀਓ ਵਾਸੀ ਦੀਆਂ ਕੋਸ਼ਿਸ਼ਾਂ, ਤਿਆਗ ਤੇ ਸਖ਼ਤ ਮਿਹਨਤ ਲਈ ਉਨ੍ਹਾਂ ਦਾ ਧੰਨਵਾਦ ਕਰਨਾ ਚਾਹੁੰਦੇ ਹਨ। ਉਨ੍ਹਾਂ ਸਾਰਿਆਂ ਸਦਕਾ ਹੀ ਸਾਰਾ ਪ੍ਰੋਵਿੰਸ ਤੀਜੇ ਪੜਾਅ ਵਿੱਚ ਦਾਖਲ ਹੋ ਰਿਹਾ ਹੈ।

## 27 ਹਜ਼ਾਰ ਲੀਟਰ ਸ਼ਰਾਬ ਫੜੀ

ਡੇਰਾਬੱਸੀ, 10 ਅਗਸਤ (ਪੋਸਟ ਬਿਊਰੋ)- ਪੰਜਾਬ ਐਕਸਾਈਜ਼ ਅਤੇ ਐੱਸ ਆਈ ਟੀ ਨੇ ਕੱਲ੍ਹ ਸਾਂਝੇ ਆਪਰੇਸ਼ਨ ਵਿੱਚ ਮੁਬਾਰਕਪੁਰ ਇੰਡਸਟਰੀਅਲ ਫੋਕਲ ਪੁਆਇੰਟ ਵਿੱਚ ਵੱਡਾ ਛਾਪਾ ਮਾਰ ਕੇ ਤਿੰਨ ਫੈਕਟਰੀਆਂ 'ਚੋਂ 27,600 ਲੀਟਰ ਮਿਥਾਈਲ ਅਤੇ ਇਥਾਈਲ ਸ਼ਰਾਬ ਬਰਾਮਦ ਕੀਤੀ ਹੈ। ਜ਼ਹਿਰੀਲੀ ਸ਼ਰਾਬ ਕਾਂਡ ਦੇ ਬਾਅਦ ਸੂਬੇ ਵਿੱਚ ਫੜੀ ਸ਼ਰਾਬ ਦੀ ਇਹ ਸਭ ਤੋਂ ਵੱਡੀ ਖੇਪ ਹੈ। ਤਿੰਨ ਫੈਕਟਰੀਆਂ ਦੇ ਚਾਰ ਮਾਲਕਾਂ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਹੈ। ਪੰਜਾਬ ਐਕਸਾਈਜ਼ ਦੇ ਜਾਇੰਟ ਕਮਿਸ਼ਨਰ ਨਰੇਸ਼ ਦੁਬੇ ਨੇ ਦੱਸਿਆ ਕਿ ਡੇਰਾਬੱਸੀ ਦੇ ਜਵਾਹਰਪੁਰ ਵਿੱਚ 23 ਜੁਲਾਈ ਨੂੰ ਵਿਨੀ ਕੈਮੀਕਲਜ਼ ਫੈਕਟਰੀ ਦੇ ਗੋਦਾਮ 'ਚੋਂ ਛੇ ਡਰੰਮਾਂ ਵਿੱਚ 5500 ਲੀਟਰ ਸਪਿਰਟ ਫੜੀ ਸੀ। ਫੈਕਟਰੀ ਮਾਲਕ ਰਾਜੇਸ਼ ਅਤੇ ਦੋ ਨੌਕਰਾਂ ਅਜੈ ਅਤੇ ਮਹੇਸ਼ ਨੂੰ ਗ੍ਰਿਫਤਾਰ ਕੀਤਾ ਸੀ। ਇਹ ਸਪਿਰਟ ਐਲੀਕੇਮ ਲੈਬਸ ਤੋਂ ਸਪਲਾਈ ਹੋਇਆ ਸੀ। ਉਥੇ ਸ਼ਨੀਵਾਰ ਰਾਤ ਛਾਪੇਮਾਰੀ ਕੀਤੀ ਸੀ, ਜੋ ਐਤਵਾਰ ਦੁਪਹਿਰ ਤੱਕ ਚੱਲੀ। ਤਰਨ ਤਾਰਨ ਐੱਸ ਆਈ ਟੀ ਤੋਂ ਡੀ ਐੱਸ ਪੀ ਵਿਕਰਮ ਬਰਾੜ ਵੀ ਜਾਂਚ ਕਰ ਰਹੇ ਹਨ। ਈ-68, 69 ਵਿੱਚ ਸ਼ਰਾਬ ਬਣ ਰਹੀ ਸੀ। ਚਾਰ ਫੈਕਟਰੀ ਮਾਲਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

# ਵਾਈਟ ਹਾਊਸ ਨੇੜੇ ਚੱਲੀ ਗੋਲੀ ਤੋਂ ਬਾਅਦ ਟਰੰਪ ਦੀ ਰੁਕਵਾਈ ਗਈ ਬ੍ਰੀਫਿੰਗ

...ਪੰਨਾ 1 ਦਾ ਬਾਕੀ

ਟਰੰਪ ਨੇ ਆਖਿਆ ਕਿ ਏਜੰਟ ਵੱਲੋਂ ਉਨ੍ਹਾਂ ਨੂੰ ਓਵਲ ਆਫਿਸ ਲਿਜਾਇਆ ਗਿਆ। ਵਾਈਟ ਹਾਊਸ ਨੂੰ ਇਸ ਘਟਨਾ ਤੋਂ ਬਾਅਦ ਲਾਕਡਾਊਨ ਕਰ ਦਿੱਤਾ ਗਿਆ। ਦੋ ਸਰੋਤਾਂ ਨੇ ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ ਉੱਤੇ ਦੱਸਿਆ ਕਿ ਗੋਲੀ ਵਾਈਟ ਹਾਊਸ ਤੋਂ ਕੁੱਝ ਬਲਾਕਜ਼ ਦੀ ਦੂਰੀ ਉੱਤੇ 17ਥ ਸਟਰੀਟ ਅਤੇ ਪੈਨਸਿਲਵੇਨੀਆ ਐਵਨਿਊ ਲਾਗੇ ਵਾਪਰੀ। ਪੁਲਿਸ ਮਸ਼ਕੂਕ ਦੇ ਇਰਾਦਿਆਂ ਦਾ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੀ ਹੈ।

ਮਸ਼ਕੂਕ ਨੂੰ ਲੋਕਲ ਹਸਪਤਾਲ ਭੇਜ ਦਿੱਤਾ ਗਿਆ। ਡਿਸਟ੍ਰਿਕਟ ਆਫ ਕੋਲੰਬੀਆ ਦੇ ਫਾਇਰ ਡਿਪਾਰਟਮੈਂਟ ਨੇ ਆਖਿਆ ਕਿ ਉਸ ਵਿਅਕਤੀ ਦੀ ਹਾਲਤ ਗੰਭੀਰ ਜਾਂ ਸੰਭਾਵੀ ਤੌਰ ਉਤੇ ਨਾਜ਼ੁਕ ਹੈ। ਅਧਿਕਾਰੀ ਇਹ ਪਤਾ ਲਾਉਣ ਦੀ ਵੀ ਕੋਸ਼ਿਸ਼ ਕਰ ਰਹੇ ਹਨ ਕਿ ਕਿਤੇ ਮਸ਼ਕੂਕ ਨੂੰ ਕੋਈ ਮਾਨਸਿਕ ਸਮੱਸਿਆ ਤਾਂ ਨਹੀਂ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated

19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636

2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

## ਅੱਜ ਨਾਮਾ

ਸਚਿਨ ਪਾਇਲਟ ਦੀ ਬਣੀ ਨਾ ਗੱਲ ਬੇਲੀ,
ਮੋੜਾ ਕਾਂਗਰਸ ਦੇ ਵੱਲ ਫਿਰ ਕੱਟਿਆ ਈ।
ਬੇਗਾਨੀ ਝਾਕ 'ਤੇ ਰੁੱਸ ਕੇ ਤੁਰ ਗਿਆ ਸੀ,
ਪੜਵਾਏ ਕੰਨ ਪਰ ਕੱਖ ਨਹੀਂ ਖੱਟਿਆ ਈ।
ਵਿਧਾਇਕ ਬਹੁਤੇ ਨਾ ਨਾਲ ਸੀ ਗਏ ਉਹਦੇ,
ਤਾਹੀਂਓਂ ਓਥੇ ਕੁਝ ਗਿਆ ਨਾ ਵੱਟਿਆ ਈ।
ਉਹ ਵੀ ਆਖਰ ਨੂੰ ਨਿਭੇ ਨਾ ਨਾਲ ਉਸ ਦੇ,
ਸਿੰਧੀਆ ਜਿਹੜਿਆਂ ਨੇ ਅੱਗੇ ਪੱਟਿਆ ਈ।
ਸਚਿਨ ਵਿਹੜੇ ਫਿਰ ਓਧਰਲੇ ਵੱਲ ਮੁੜਿਆ,
ਜਿੱਥੋਂ ਨਿਕਲਿਆ ਸੀ ਪਹਿਲਾਂ ਅੱਕ ਕੇ ਉਹ।
ਮੁੜਦੀ ਮੱਛੀ ਜਿਉਂ ਪੱਥਰ ਸਭ ਚੱਟ ਕੇ ਜੀ,
ਓਦਾਂ ਈ ਪਰਤਿਆ ਆਖਰ ਨੂੰ ਥੱਕ ਕੇ ਉਹ।

**ਤੀਸ ਮਾਰ ਖਾਂ**

# 267 ਸਰੂਪ ਗਾਇਬ ਹੋਣ ਦਾ ਮਾਮਲਾ: ਜਥੇਦਾਰ ਨੂੰ ਭਰੋਸਾ ਕਿ ਜਾਂਚ ਕਮੇਟੀ ਦਾ ਫ਼ੈਸਲਾ ਸੰਗਤ ਦੀ ਆਸ ਉੱਤੇ ਖਰਾ ਉਤਰੇਗਾ

ਅੰਮ੍ਰਿਤਸਰ, 10 ਅਗਸਤ, (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਬਲੀਕੇਸ਼ਨ ਵਿਭਾਗ ਵਿੱਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 267 ਸਰੂਪ ਘਟਣ ਬਾਰੇ ਬੀਤੀ17 ਜੁਲਾਈ ਨੂੰ ਬਣਾਈ ਗਈਜਾਂਚ ਕਮੇਟੀ ਦੇ ਮੁੱਖ ਜਾਂਚ ਕਰਤਾ ਡਾ. ਈਸ਼ਰ ਸਿੰਘ ਐਡਵੋਕੇਟ ਲਗਾਤਾਰ ਇਸ ਦੀ ਜਾਂਚ ਕਰ ਰਹੇ ਹਨ ਤੇ ਉਨ੍ਹਾਂ ਵੱਲੋਂ 17 ਅਗਸਤ ਤੋਂ ਪਹਿਲਾਂ ਰਿਪੋਰਟ ਦਿੱਤੇ ਜਾਣ ਦੀ ਆਸ ਹੈ। ਇਸ ਦੌਰਾਨ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਉਮੀਦ ਪ੍ਰਗਟ ਕੀਤੀ ਹੈ ਕਿ ਇਹ ਰਿਪੋਰਟ ਸੰਗਤ ਦੀ ਆਸ ਉੱਤੇ ਪੂਰੀ ਉੱਤਰੇਗੀ।

ਜਥੇਦਾਰ ਸ੍ਰੀ ਅਕਾਲ ਤਖਤ ਗਿਆਨੀ ਹਰਪ੍ਰੀਤ ਸਿੰਘ ਨੇਅੱਜ ਏਥੇ ਕਿਹਾ ਕਿ ਜਾਂਚ ਕਮੇਟੀ ਵੱਲੋਂ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਅਤੇ ਹੋਰਾਂ ਸਬੰਧਤ ਲੋਕਾਂ ਦੇ ਬਿਆਨ ਲਏ ਜਾ ਰਹੇ ਹਨ ਅਤੇ ਪੁੱਛਗਿੱਛ ਜਾਰੀ ਹੈ।



ਇਸ ਤੋਂ ਬਿਨਾ ਹਰ ਤਰ੍ਹਾਂ ਦਾ ਦਸਤਾਵੇਜ਼ ਵੀ ਜਾਂਚ ਲਈ ਦਿੱਤਾ ਜਾ ਰਿਹਾ ਹੈ ਤੇ ਹੋਰ ਮਾਹਰ ਵੀ ਇਸ ਕਮੇਟੀ ਨਾਲ ਜੋੜੇ ਗਏ ਹਨ।ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਡਾ. ਈਸ਼ਰ ਸਿੰਘ ਦੀ ਰਿਪੋਰਟ ਤੋਂ ਬਾਅਦਇਸ ਕੇਸ ਬਾਰੇਜੋ ਫੈਸਲਾ ਪੰਜ ਸਿੰਘ ਸਾਹਿਬਾਨ ਵੱਲੋਂ ਕੀਤਾ ਜਾਵੇਗਾ, ਉਹ ਸੰਗਤਾਂ ਦੀਆਂ ਆਸਾਂ ਉੱਤੇ ਖਰਾ ਉਤਰੇਗਾ ਤੇ ਕਿਸੇ ਵੀ ਦੋਸ਼ੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ, ਉਸ ਦੇ ਖ਼ਿਲਾਫ਼ ਮਰਿਆਦਾ ਅਨੁਸਾਰ ਸਖਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜਿਹੜੇ ਕਿਆਫੇ ਲਾਏ ਜਾ ਰਹੇ ਹਨ, ਉਹ ਗਲਤ ਹਨ ਅਤੇ ਇਸ ਫ਼ੈਸਲੇ ਦੀ ਰਿਪੋਰਟ ਨਾਲ ਸੰਗਤਾਂ ਨੂੰ ਸਭ ਸਪੱਸ਼ਟ ਹੋ ਜਾਵੇਗਾ।

ਇਸ ਦੌਰਾਨ ਮੁੱਖ ਜਾਂਚ ਕਰਤਾ ਡਾ. ਈਸ਼ਰ ਸਿੰਘ ਨੇ ਸ਼੍ਰੋਮਣੀ ਕਮੇਟੀ ਦੇ ਉੱਚ ਅਧਿਕਾਰੀਆਂ ਤੋਂ ਸਕੱਤਰੇਤ ਵਿਖੇ ਅੱਜ ਫਿਰ ਪੁੱਛਗਿੱਛਕੀਤੀ ਹੈ। ਉਹ ਸ਼੍ਰੋਮਣੀ ਕਮੇਟੀ ਦੇ ਸੈਕਟਰੀ ਮਨਜੀਤ ਸਿੰਘ, ਐਡੀਸ਼ਨਲਸੈਕਟਰੀ ਸੁਖਦੇਵ ਸਿੰਘ ਭੂਰਾ ਕੋਹਨਾ, ਡਿਪਟੀ ਸੈਕਟਰੀ ਸਕੱਤਰ ਸਿੰਘ ਅਤੇ ਪਬਲੀਕੇਸ਼ਨ ਵਿਭਾਗ ਦੇ ਸਾਬਕਾ ਸੁਪਰਵਾਈਜ਼ਰ ਕੰਵਲਜੀਤ ਸਿੰਘ ਤੋਂ ਪੁੱਛਗਿੱਛ ਕਰ ਚੁੱਕੇ ਹਨ ਤੇ ਇਸ ਪਿੱਛੋਂ ਕਈ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਦੇ ਚਿਹਰੇ ਲਟਕ ਗਏ ਜਾਪਦੇ ਹਨ।

# ਕੈਪਟਨ ਅਮਰਿੰਦਰ ਨੇ ਕਿਹਾ: ਬਾਜਵਾ ਦੀ ਸੁਰੱਖਿਆ ਦੀ ਤੁਲਨਾ ਬਾਦਲਾਂ ਨਾਲ ਨਹੀਂ ਹੋ ਸਕਦੀ

ਚੰਡੀਗੜ੍ਹ, 10 ਅਗਸਤ, (ਪੋਸਟ ਬਿਊਰੋ)- ਪੰਜਾਬ ਸਰਕਾਰ ਵੱਲੋਂ ਪ੍ਰਤਾਪ ਸਿੰਘ ਬਾਜਵਾ ਦੀ ਸੁਰੱਖਿਆ ਵਾਪਸ ਲੈਣ ਦੇ ਲੱਗ ਰਹੇ ਦੋਸ਼ਾਂ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਿਰੇ ਤੋਂ ਰੱਦ ਕਰ ਦਿੱਤਾ ਹੈ।

ਇਸ ਸੰਬੰਧ ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕਿਸੇ ਬਾਰੇ ਵੀ ਖਤਰੇ ਦਾ ਮੁਲੰਕਣ ਇੱਕ ਰੈਗੂਲਰ ਕਾਰਜ ਹੈ ਤੇ ਪੰਜਾਬ ਦੀ ਸੁਰੱਖਿਆ ਨੀਤੀ ਵਿੱਚ ਕੋਈ ਵੀ ਤਬਦੀਲੀ ਨਹੀਂ ਕੀਤੀ ਗਈ। ਉਨ੍ਹਾ ਕਿਹਾ ਕਿ ਮੇਰੀ ਸਰਕਾਰ ਕਿਸੇ ਵੀ ਵਿਅਕਤੀ, ਜਿਸ ਨੂੰ ਅਸਲ ਵਿੱਚ ਸੁਰੱਖਿਆ ਦੀ ਲੋੜ ਹੈ, ਨੂੰ ਸੁਰੱਖਿਆ ਤੋਂ ਨਾਂਹਨਹੀਂ ਕਰੇਗੀ, ਪਰ ਪੁਲਿਸ ਮੁਲਾਜ਼ਮਾਂ ਨੂੰ ਬੇਲੋੜਾ ਹੀ ਕਿਸੇ ਲਈ ਤਾਇਨਾਤ ਨਹੀਂ ਕਰ ਸਕਦੇ, ਉਹ ਵੀ ਓਦੋਂ, ਜਦੋਂ ਪੁਲਿਸ ਪਹਿਲਾਂ ਹੀ ਕੋਰੋਨਾ ਦੀ ਮਹਾਂਮਾਰੀ ਦੌਰਾਨ ਭਾਰੀ ਮੁਸ਼ਕਲਾਂ ਅਤੇ ਤਣਾਅ ਹੇਠ ਕੰਮ ਕਰ ਰਹਹੀ ਹੈ।



ਪ੍ਰਤਾਪ ਸਿੰਘ ਬਾਜਵਾ ਤੇ ਬਾਦਲਾਂ ਦੀ ਸੁਰੱਖਿਆ ਦੀ ਤੁਲਨਾ ਕਰਨ ਦੀਆਂ ਖਬਰਾਂ ਬਾਰੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕੇਂਦਰ ਤੇ ਰਾਜ ਸਰਕਾਰ ਵਲੋਂ ਕੀਤੇ ਖ਼ਤਰੇ ਦੇ ਮੁਲੰਕਣ ਅਨੁਸ-ਾਰ ਬਾਦਲਾਂ ਨੂੰ ਖ਼ਤਰੇ ਦੇ ਸੰਕੇਤ ਹੇਠ ਬਣਦੀ ਸੁਰੱਖਿਆ ਦਿੱਤੀ ਜਾ ਰਹੀ ਹੈ ਤੇ ਇਸ ਮਾਮਲੇ ਵਿੱਚ ਬਾਜਵਾ ਦੀ ਸ਼ਿਕਾਇਤ ਬਹੁਤ ਮਾੜੀ ਹੈ ਅਤੇ ਤੱਥਾਂ ਉੱਤੇ ਅਧਾਰਤ ਨਹੀਂ ਹੈ। ਉਨ੍ਹਾਂ ਕਿਹਾ ਕਿ ਵਿਰੋਧ ਦੀ ਭਾਵਨਾ ਨਾਲ ਇਹ ਸਕਿਓਰਟੀ ਵਾਪਿਸ ਨਹੀਂ ਲਈ ਗਈ, ਸਗੋਂ ਬਾਜਵਾ ਨੂੰ ਕਿਸੇ ਤਰ੍ਹਾਂ ਦਾ ਖਤਰਾ ਨਹੀਂ ਸੀ, ਇਸ ਲਈ ਇਹ ਫੈਸਲਾ ਲਿਆ ਗਿਆ ਹੈ।

# ਪੰਜਾਬ ਵਿੱਚ ਭਲਕੇ 1.73 ਲੱਖ ਵਿਦਿਆਰਥੀਆਂ ਨੂੰ ਸਮਾਰਟ ਫੋਨ ਵੰਡੇ ਜਾਣਗੇ

*** 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਫੋਨ ਦੇਣ ਨੂੰ ਮਨਜ਼ੂਰੀ ਮਿਲੀ**

ਚੰਡੀਗੜ੍ਹ, 10 ਅਗਸਤ, (ਪੋਸਟ ਬਿਊਰੋ)- ਪੰਜਾਬ ਸਰਕਾਰ ਇਸ 12 ਅਗਸਤ ਨੂੰ 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਸਮਾਰਟ ਫੋਨ ਦੇ ਕੇ ਆਪਣੇ ਇੱਕ ਵਾਅਦੇ ਉੱਤੇ ਅਮਲ ਕਰਨ ਲੱਗੀ ਹੈ। ਰਾਜ ਦੇ ਸਿੱਖਿਆ ਸਕੱਤਰ ਨੇ 12 ਅਗਸਤ ਨੂੰ ਇੰਟਰਨੈਸ਼ਨਲ ਯੂਥ ਦਿਵਸ ਮੌਕੇ ਉੱਤੇਰਾਜ ਦੇ ਸਰਕਾਰੀ ਸਕੂਲਾਂ ਦੇ 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਸਮਾਰਟ ਫੋਨ ਵੰਡਣ ਲਈ ਡਿਪਟੀ ਕਮਿਸ਼ਨਰਾਂ ਨੂੰ ਸਰਕਾਰੀ ਪੱਤਰ ਜਾਰੀ ਕਰ ਦਿੱਤਾ ਹੈ। ਵਿਦਿਆਰਥੀਆਂ ਨੂੰ ਲਾਵਾ ਕੰਪਨੀ ਦਾ ਫੋਨ ਦਿੱਤਾ ਜਾਵੇਗਾ, ਜਿਸ ਉੱਤੇ ਪੰਜਾਬ ਸਰਕਾਰ ਦਾ ਲੋਗੋ ਅਤੇ ਮੁੱਖ ਮੰਤਰੀ ਦੀ ਫੋਟੋ ਹੋਵੇਗੀ। ਫੋਨ ਆਨ ਕਰਦੇ ਸਾਰ ਮੁੱਖ ਮੰਤਰੀ ਦੀ ਫੋਟੋ ਇਸ ਫੋਨ ਸੈੱਟ ਉੱਤੇ ਆਵੇਗੀ।









ਇਸ ਸੰਬੰਧ ਵਿੱਚ ਪੰਜਾਬ ਦੇ ਸਿੱਖਿਆ ਸੈਕਟਰੀ ਨੇ ਡਿਪਟੀ ਕਮਿਸ਼ਨਰਾਂ ਨੂੰ ਇੱਕ ਪੱਤਰ ਭੇਜ ਕੇ ਦੱਸਿਆ ਹੈ ਕਿ ਸਿੱਖਿਆ ਵਿਭਾਗ ਨੇ ਸਰਕਾਰੀ ਸਕੂਲਾਂ ਦੇ 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਸਮਾਰਟ ਫੋਨ ਵੰਡਣ ਦਾ ਫ਼ੈਸਲਾ ਕੀਤਾ ਹੈ, ਪਰ ਨਾਲ ਹੀ ਕਿਹਾ ਹੈ ਕਿ ਕੋਵਿਡ 19 ਦੇ ਕਾਰਨ ਡਿਪਟੀ ਕਮਿਸ਼ਨਰ ਦੇ ਦਫ਼ਤਰ ਜਾਂ ਹੋਰ ਕਿਸੇ ਯੋਗ ਥਾਂ ਉੱਤੇ ਛੋਟਾ ਜਿਹਾ ਪ੍ਰੋਗਰਾਮ ਕੀਤਾ ਜਾਵੇ, ਜਿਸ ਵਿੱਚ ਵਿਦਿਆਰਥੀਆਂ ਨੂੰ ਫੋਨ ਦਿੱਤੇ ਜਾ ਸਕਣ।

ਵਰਨਣ ਯੋਗ ਹੈ ਕਿ ਵਿਧਾਨ ਸਭਾ ਚੋਣਾਂ ਵੇਲੇ ਕੈਪਟਨ ਅਮਰਿੰਦਰ ਸਿੰਘ ਨੇ ਨੌਜਵਾਨਾਂ ਨੂੰ ਸਮਾਰਟ ਫੋਨ ਦੇਣ ਦਾ ਵਾਅਦਾ ਕੀਤਾ ਸੀ ਤੇ ਨੌਜਵਾਨਾਂ ਤੋਂ ਬਕਾਇਦਾ ਸਮਾਰਟ ਫੋਨ ਲਈ ਫਾਰਮ ਭਰਵਾਏ ਸਨ। ਤਿੰਨ ਸਾਲਾਂ ਦੌਰਾਨ ਨੌਜਵਾਨਾਂ ਨੂੰ ਸਮਾਰਟ ਫੋਨ ਨਾ ਮਿਲਣ ਕਾਰਨ ਵਿਰੋਧੀ ਧਿਰਾਂ ਦੇ ਆਗੂ ਰਾਜ ਸਰਕਾਰ ਉੱਤੇ ਵਾਅਦਾ ਤੋੜਨ ਦੇ ਦੋਸ਼ ਲਾ ਰਹੇ ਸਨ। ਇਸ ਵਾਅਦੇ ਉੱਤੇ ਅਮਲ ਲਈ ਸਤੰਬਰ 2019 ਵਿਚ ਪੰਜਾਬ ਸਰਕਾਰ ਨੇ ਸਰਕਾਰੀ ਸਕੂਲਾਂ ਦੀਆਂ 11ਵੀਂ ਤੇ 12ਵੀਂ ਜਮਾਤ ਦੀਆਂ 1.6 ਲੱਖ ਵਿਦਿਆਰਥਣਾਂ ਨੂੰ ਫੋਨ ਦੇਣ ਦਾ ਫ਼ੈਸਲਾ ਕੀਤਾ ਸੀ। ਸਰਕਾਰ ਦਾ ਦਾਅਵਾ ਹੈ ਕਿ ਇਸ ਨਵੰਬਰ ਤਕ 1,73,823 ਸਮਾਰਟ ਫੋਨ ਵੰਡ ਦਿੱਤੇ ਜਾਣਗੇ। ਅਜਿਹੇ 50 ਹਜ਼ਾਰ ਫੋਨਾਂ ਦੀ ਪਹਿਲੀ ਖੇਪ ਰਾਜ ਸਰਕਾਰ ਨੂੰ ਮਿਲ ਚੁੱਕੀ ਹੈ, ਜਿਨ੍ਹਾਂ ਵਿਚ ਟੱਚ ਸਕਰੀਨ, ਕੈਮਰਾ ਅਤੇ ਪਹਿਲਾਂ ਤੋਂ ਲੋਡ ਹੋਈਆਂ ਸਰਕਾਰੀ ਐਪਲੀਕੇਸ਼ਨਾਂ ਸ਼ਾਮਲ ਕੀਤੀਆਂ ਗਈਆਂ ਹਨ, ਜਿਵੇਂ 'ਈ-ਸੇਵਾ ਐਪ' ਅਤੇ ਸਕੂਲ ਸਿੱਖਿਆ ਵਿਭਾਗ ਦੀ ਪ੍ਰਵਾਨਗੀ ਵਾਲਾ 11ਵੀਂਅਤੇ 12ਵੀਂ ਜਮਾਤ ਦਾ ਈ-ਸਿਲੇਬਸਵੀ ਇਸ ਵਿੱਚ ਸ਼ਾਮਲ ਹੋਵੇਗਾ।

# ਸਿਰ ਵਿੱਚ ਡੂੰਘੀਆਂ ਸੱਟਾਂ ਮਾਰ ਕੇ ਨੌਜਵਾਨ ਦਾ ਕਤਲ

ਬੱਸੀ ਪਠਾਣਾ, 10 ਅਗਸਤ (ਪੋਸਟ ਬਿਊਰੋ)- ਥਾਣਾ ਬੱਸੀ ਪਠਾਣਾਂ ਦੇ ਪਿੰਡ ਰਾਮਪੁਰ ਕਲੇਰਾਂ ਵਿਖੇ ਬੀਤੀ ਰਾਤ ਕੁਝ ਲੋਕਾਂ ਨੇ ਸਿਰ 'ਚ ਡੂੰਘੀਆਂ ਸੱਟਾਂ ਮਾਰ ਕੇ ਇੱਕ ਨੌਜਵਾਨ ਦਾ ਕਤਲ ਕਰ ਦਿੱਤਾ ਹੈ। ਘਟਨਾ ਦੀ ਸੂਚਨਾ ਮਿਲਦੇ ਸਾਰ ਡੀ ਐਸ ਪੀ ਸੁਖਮਿੰਦਰ ਸਿੰਘ ਚੌਹਾਨ ਤੇ ਐਸ ਐਚ ਓ ਮਨਪ੍ਰੀਤ ਸਿੰਘ ਦਿਓਲ ਪੁਲਸ ਪਾਰਟੀ ਸਮੇਤ ਓਥੇ ਪਹੁੰਚੇ।

ਸ਼ਿਕਾਇਤ ਕਰਤਾ ਮੰਗਲਦੀਪ ਸਿੰਘ ਪੁੱਤਰ ਜਸਵੀਰ ਸਿੰਘ ਵਾਸੀ ਰਾਮਪੁਰ ਕਲੇਰਾਂ ਨੇ ਐਸ ਐਚ ਓ ਮਨਪ੍ਰੀਤ ਸਿੰਘ ਦਿਓਲ ਨੇ ਦੱਸਿਆ ਕਿ ਕੱਲ੍ਹ ਉਸਦੇ ਮਾਸੀ ਦੇ ਲੜਕੇ ਹਰਪ੍ਰੀਤ ਸਿੰਘ ਪੁੱਤਰ ਲਖਵੰਤ ਸਿੰਘ ਵਾਸੀ ਲੁਹਾਰੀ ਕਲਾਂ ਦੇ ਵਿਆਹ ਦੇ ਮੇਲ 'ਚ ਗਿਆ ਸੀ। ਰਾਤ ਨੂੰ ਜਦੋਂ ਉਹ ਆਪਣੀ ਕਾਰ 'ਚ ਵਾਪਸ ਘਰ ਪਹੁੰ-ਚਆ ਤਾਂ ਉਸ ਨੂੰ ਪਤਾ ਲੱਗਾ ਕਿ ਉਸ ਦੇ ਸ਼ਰੀਕੇ 'ਚ ਲੱਗਦੇ ਭਰਾ ਪਰਮਜੀਤ ਸਿੰਘ ਉਰਫ਼ ਰਾਜੂ ਪੁੱਤਰ ਗੁਰਦੀਪ ਸਿੰਘ ਵਾਸੀ ਰਾਮਪੁਰ ਕਲੇਰਾਂ ਦਾ ਕਤਲ ਹੋ ਗਿਆ ਹੈ, ਜਿਸ ਦੀ ਲਾਸ਼ ਪਿੰਡ ਦੇ ਪ੍ਰਗਟ ਸਿੰਘ ਦੇ ਝੋਨੇ ਵਾਲੇ ਖੇਤ ਨੇੜੇ ਲਿੰਕ ਸੜਕ 'ਤੇ ਪਈ ਹੈ। ਉਸ ਨੇ ਮੌਕੇ 'ਤੇ ਜਾ ਕੇ ਦੇਖਿਆ ਤਾਂ ਮ੍ਰਿਤਕ ਦੇ ਸਿਰ 'ਚ ਡੂੰਘੀਆਂ ਸੱਟਾਂ ਲੱਗੀਆਂ ਸਨ ਤੇ ਖ਼ੂਨ ਵਗ ਰਿਹਾ ਸੀ। ਐਸ ਐਚ ਓ ਦਿਓਲ ਨੇ ਦੱਸਿਆ ਕਿ ਜਦੋਂ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਸੀ ਅਤੇ ਪੁਲਸ ਨੂੰ ਕਈ ਅਹਿਮ ਸੁਰਾਗ ਹੱਥ ਲੱਗੇ, ਜਿਸ ਆਧਾਰ 'ਤੇ ਪੁਲਸ ਨੇ ਕੁਝ ਵਿਅਕਤੀਆਂ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ।

# ਬੇਲਾਰੂਸ ਦੇ ਐਗਜ਼ਿਟ ਪੋਲ ਵਿੱਚ ਰਾਸ਼ਟਰਪਤੀ ਦੀ ਦੋਬਾਰਾ ਜਿੱਤ ਤੋਂ ਲੋਕ ਭੜਕ ਪਏ

ਮਿੰਸਕ, 10 ਅਗਸਤ, (ਪੋਸਟ ਬਿਊਰੋ)- ਬੇਲਾਰੂਸ ਵਿਚ ਰਾਸ਼ਟਰਪਤੀ ਚੋਣਾਂ ਬਾਰੇ ਆਮ ਲੋਕਾਂ ਦਾ ਰੋਸ ਪ੍ਰਦਰਸ਼ਨ ਅੱਜ ਹਮਲਾਵਰ ਰੂਪ ਲੈ ਗਿਆ। ਐਤਵਾਰ ਦੇ ਦਿਨ ਵੋਟਿੰਗ ਖਤਮ ਹੋਣ ਆਏ ਪਿੱਛੋਂ ਐਗਜ਼ਿਟ ਪੋਲ ਵਿਚ ਇਹ ਦਾਅਵਾ ਕੀਤਾ ਗਿਆ ਸੀ ਕਿ ਰਾਸ਼ਟਰਪਤੀ ਅਲੈਗਜੈਂਡਰ ਲੁਕਾਸ਼ੇਂਕੋ ਨੂੰ 80 ਫੀਸਦੀ ਵੋਟਾਂ ਮਿਲੀਆਂ ਅਤੇ ਉਨ੍ਹਾਂ ਦੀ ਵਿਰੋਧੀ ਸਵੇਤਲਾਨਾ ਤਿਕਾਨੋਵਸਕਾਯਾ ਨੂੰ ਸਿਰਫ 7 ਫੀਸਦੀ ਵੋਟਾਂ ਮਿਲੀਆਂ ਹਨ। ਇਸ ਪਿੱਛੋਂ ਵੱਡੀ ਗਿਣਤੀ ਲੋਕ ਵਿਰੋਧ ਪ੍ਰਦਰਸ਼ਨ ਕਰਨ ਲਈ ਸੜਕਾਂ ਉੱਤੇਨਿਕਲ ਆਏ। ਅਲੈਗਜ਼ੈਂਡਰ ਲੁਕਾਸ਼ੇਂਕੋ 1994 ਤੋਂਇਸ ਦੇਸ਼ ਵਿੱਚ ਰਾਸ਼ਟਰਪਤੀ ਅਹੁਦੇ ਉੱਤੇਹਨ ਅਤੇ ਉਨ੍ਹਾਂ ਨੂੰ ਯੂਰਪ ਦਾ ਆਖਰੀ ਤਾਨਾਸ਼ਾਹ ਤੱਕ ਵੀ ਕਿਹਾ ਜਾ ਰਿਹਾ ਹੈ।

ਅੱਜ ਹੋਈ ਚੋਣ ਬਾਰੇ ਆਮ ਲੋਕਾਂ ਦਾ ਕਹਿਣਾ ਹੈ ਕਿ ਇਸ ਵਿਚ ਹੇਰਾਫੇਰੀਹੋਈ ਹੈ। ਇਸ ਪਿੱਛੋਂ ਪੁਲਸ ਨੇ ਲੋਕਾਂ ਉੱਤੇ ਅੱਥਰੂ ਗੈਸ ਤੇ ਗ੍ਰੇਨੇਡ ਤੱਕ ਦੀ ਵਰਤੋਂ ਕੀਤੀ। ਐਤਵਾਰ ਦੀ ਵੋਟਿੰਗ ਪਿੱਛੋਂ ਬੇਲਾਰੂਸ ਦੇ ਕੇਂਦਰੀ ਚੋਣ ਕਮਿਸ਼ਨ ਨੇ ਦੱਸਿਆ ਕਿ ਲੁਕਾਸ਼ੇਂਕੋ 5 ਖੇਤਰਾਂ ਤੋਂ 82 ਫੀਸਦੀ ਨਾਲ ਅੱਗ ਚੱਲ ਰਹੇ ਸਨ ਅਤੇ ਐਗਜ਼ਿਟ ਪੋਲ ਮੁਤਾਬਕ ਲੁਕਾਸ਼ੇਂਕੋ ਨੂੰ 80 ਫੀਸਦੀ ਵੋਟਾਂ ਮਿਲੀਆਂ ਸਨ, ਜਦਕਿ ਸਵੇਤਲਾਨਾ ਨੂੰ ਸਿਰਫ 7 ਫੀਸਦੀ ਵੋਟਾਂ ਮਿਲ ਸਕੀਆਂ ਸਨ।ਇਸ ਦੇ ਬਾਅਦ ਸਵੇਤਲਾਨਾ ਨੇ ਪ੍ਰੈੱਸ ਕਾਨਫਰੰਸ ਵਿਚ ਕਿਹਾ ਕਿ ਇਹ ਨਤੀਜੇ ਸਹੀ ਨਹੀਂ, ਉਨ੍ਹਾਂ ਦੀ ਮੁਹਿੰਮ ਕਮੇਟੀ ਮੁਤਾਬਕ ਉਨ੍ਹਾਂ ਨੂੰ ਮਿੰਸਕ ਦੇ ਕਈ ਪੋਲਿੰਗ ਸਟੇਸ਼ਨਾਂ ਉੱਤੇ ਜਿੱਤ ਹੋਈ ਹੈ। ਦੂਸਰੇ ਪਾਸੇ ਮਾਨੀਟਰਿੰਗ ਆਰਗੇਨਾਈਜੇਸ਼ਨ ਗੋਲੋਸ ਨੇ ਕਿਹਾ ਹੈ ਕਿ ਉਸ ਨੇ ਘੱਟ-ਘੱਟ 10 ਲੱਖ ਵੋਟ ਗਿਣੇ ਹਨ ਤੇ ਉਸ ਮੁਤਾਬਕ ਸਵੇਤਲਾਨਾ ਨੂੰ 80 ਫੀਸਦੀ ਵੋਟਾਂ ਮਿਲੀਆਂ ਹਨ।

ਐਗਜ਼ਿਟ ਪੋਲ ਦੇ ਆਉਣ ਪਿੱਛੋਂ ਐਤਵਾਰ ਦੇਰ ਰਾਤ ਰਾਜਧਾਨੀ ਮਿੰਸਕ ਦਾ ਮਾਹੌਲ ਅਚਾਨਕ ਤਣਾਅ ਵਾਲਾ ਹੋ ਗਿਆ ਤੇ ਪੁਲਸ ਆਮ ਲੋਕਾਂ ਨਾਲ ਸਖਤੀ ਨਾਲ ਨਜਿੱਠਣ ਲੱਗ ਪਈ। ਇਸ ਦੌਰਾਨ ਰੋਸ ਕਰਦੇ ਲੋਕਾਂ ਉੱਤੇ ਲਾਠੀਚਾਰਜ ਕੀਤਾ ਗਿਆ ਅਤੇ ਉਨ੍ਹਾਂ ਨੂੰ ਭਜਾਉਣ ਲਈ ਫਲੈਸ਼-ਬੈਗ ਗ੍ਰੇਨੇਡ ਦੀ ਵਰਤੋਂ ਕੀਤੀ ਗਈ। ਕਿਹਾ ਜਾਂਦਾ ਹੈ ਕਿ ਇਥੇ ਏਦਾਂ ਦੇ ਹਾਲਾਤ ਪਹਿਲਾਂ ਕਦੇ ਨਹੀਂ ਬਣੇ, ਪਰ ਇਸ ਵਾਰੀ ਲੋਕ ਗੁੱਸੇ ਵਿਚ ਹਨ ਤੇ ਸੜਕਾਂ ਉੱਤੇਨਿਕਲ ਆਏ ਹਨ।

# ਲੋਕਲ ਰੇਲ ਵਿੱਚ ਗ਼ਵਾਚਾ ਬਟੂਆ ਪੁਲਸ ਨੂੰ 14 ਸਾਲ ਪਿੱਛੋਂ ਮਿਲ ਗਿਆ



ਮੁੰਬਈ, 10 ਅਗਸਤ (ਪੋਸਟ ਬਿਊਰੋ)- ਮੁੰਬਈ ਦੀ ਲੋਕਲ ਰੇਲ 'ਚੋਂ 14 ਸਾਲ ਪਹਿਲਾਂ ਚੋਰੀ ਹੋਏ ਬਟੂਏ ਨੂੰ ਪੁਲਸ ਨੇ ਲੱਭ ਕੇ ਉਸ ਨੂੰ ਉਸਦੇ ਮਾਲਕ ਨੂੰ ਸੌਂਪ ਦਿੱਤਾ ਹੈ। ਬਟੂਏ 'ਚ 900 ਰੁਪਏ ਸਨ।

ਰੇਲਵੇ ਪੁਲਸ (ਜੀ ਆਰ ਪੀ) ਦੇ ਇੱਕ ਅਧਿਕਾਰੀ ਨੇ ਦੱਸਿਆ ਕਿ 2006 'ਚ ਛੱਤਰਪਤੀ ਸ਼ਿਵਾਜੀ ਮਹਾਰਾਜ ਟਰਮੀਨਲ-ਪਨਵੇਲ ਲੋਕਲ ਰੇਲ 'ਚ ਯਾਤਰਾ ਕਰਦਿਆਂ ਹੇਮੰਤ ਪੇਡਲਕਰ ਦਾ ਬੂਟਆ ਗੁਆਚ ਗਿਆ ਸੀ। ਇਸ ਸਾਲ ਅਪ੍ਰੈਲ ਵਿੱਚ ਜੀ ਆਰ ਪੀ ਨੇ ਉਨ੍ਹਾਂ ਨੂੰ ਫ਼ੋਨ ਕਰ ਕੇ ਦੱਸਿਆ ਕਿ ਉਨ੍ਹਾਂ ਦਾ ਬਟੂਆ ਮਿਲ ਗਿਆ ਹੈ, ਪਰ ਉਦੋਂ ਲਾਗੂ ਲਾਕਡਾਊਨ ਕਾਰਨ ਉਹ ਆਪਣੇ ਬਟੂਆ ਲੈਣ ਨਹੀਂ ਆ ਸਕਿਆ। ਪਾਬੰਦੀਆਂ ਹਟਣ ਤੋਂ ਬਾਅਦ ਪਨਵੇਲ ਦੇ ਵਾਸੀ ਪੇਡਲਕਰ ਖੁਦ ਵਾਸ਼ੀ ਇਲਾਕੇ ਵਿੱਚ ਜੀ ਆਰ ਪੀ ਦਫ਼ਤਰ ਗਏ ਅਤੇ ਉਸ 'ਚ ਰੱਖੀ ਰਾਸ਼ੀ ਸਣੇ ਆਪਣਾ ਬਟੂਆ ਲਿਆ। ਪੇਡਲਕਰ ਨੇ ਦੱਸਿਆ ਕਿ ਉਸ ਸਮੇਂ ਉਨ੍ਹਾਂ ਦੇ ਬਟੂਏ 'ਚ 900 ਰੁਪਏ ਸਨ, ਜਿਸ 'ਚ 500 ਰੁਪਏ ਦਾ ਪੁਰਾਣਾ ਨੋਟ ਵੀ ਸੀ, ਜੋ ਨੋਟਬੰਦੀ ਤੋਂ ਬਾਅਦ ਬੰਦ ਹੋ ਗਿਆ, ਵਾਸ਼ੀ ਵਿੱਚ ਜੀ ਆਰ ਪੀ ਨੇ ਉਨ੍ਹਾਂ ਨੂੰ 300 ਰੁਪਏ ਵਾਪਸ ਕਰ ਦਿੱਤਾ। ਉਨ੍ਹਾਂ ਨੇ ਸਟੈਂਪ ਪੇਪਰ ਦੇ ਕੰਮ ਲਈ 100 ਰੁਪਏ ਕੱਟ ਲਏ ਅਤੇ ਕਿਹਾ ਕਿ ਬਾਕੀ ਦੇ 500 ਰੁਪਏ ਨੋਟ ਬਦਲਣ ਤੋਂ ਬਾਅਦ ਮਿਲ ਜਾਣਗੇ। ਜੀ ਆਰ ਪੀ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਪੇਡਲਕਰ ਦਾ ਬਟੂਆ ਚੋਰੀ ਕਰਨ ਵਾਲੇ ਨੂੰ ਕੁਝ ਸਮਾਂ ਪਹਿਲਾਂ ਹੀ ਗ੍ਰਿਫ਼ਤਾਰ ਕੀਤਾ ਗਿਆ ਸੀ।

# ਤੁਰਕੀ ਦੀਆਂ ਯੂਨੀਵਰਸਿਟੀਆਂ ਭਾਰਤ ਵਿਰੋਧੀ ਸਰਗਰਮੀਆਂ ਦਾ ਕੇਂਦਰ ਬਣੀਆਂ

ਨਵੀਂ ਦਿੱਲੀ, 10 ਅਗਸਤ (ਪੋਸਟ ਬਿਊਰੋ)- ਭਾਰਤ ਖ਼ਿਲਾਫ਼ ਕਸ਼ਮੀਰ ਮੁੱਦੇ 'ਤੇ ਪਾਕਿਸਤਾਨ ਤੇ ਤੁਰਕੀ ਮਿਲ ਕੇ ਵੱਡੀ ਸਾਜ਼ਿਸ਼ ਰਚ ਰਹੇ ਹਨ, ਜਿਸ ਲਈ ਤੁਰਕੀ ਦੀਆਂ ਯੂਨੀਵਰਸਿਟੀਆਂ ਦਾ ਸਹਾਰਾ ਲਿਆ ਜਾ ਰਿਹਾ ਹੈ।



ਤੁਰਕੀ ਦੀਆਂ ਯੂਨੀਵਰਸਿਟੀਆਂ ਇਸ ਵੇਲੇ ਭਾਰਤ ਵਿਰੋਧੀ ਸਰਗਰਮੀਆਂ ਦਾ ਕੇਂਦਰ ਬਣੀਆਂ ਹੋਈਆਂ ਹਨ ਅਤੇ ਓਥੇ ਭਾਰਤ ਵਿਰੋਧੀ ਪ੍ਰੋਪੈਗੰਡਾ ਪਾਕਿਸਤਾਨ ਚਲਾ ਰਿਹਾ ਹੈ। ਭਾਰਤ ਸਰਕਾਰ ਨੇ ਪਿਛਲੇ ਸਾਲ ਜਦੋਂ ਤੋਂ ਜੰਮੂ-ਕਸ਼ਮੀਰ ਵਿੱਚੋਂ ਧਾਰਾ-370 ਹਟਾਈ ਹੈ, ਤੁਰਕੀ ਦੇ ਰਾਸ਼ਟਰਪਤੀ ਐਰਦੋਗਨ ਨੇ ਖੁਦ ਨੂੰ ਕਸ਼ਮੀਰ ਮੁੱਦੇ ਉਤੇ ਭਾਰਤ ਸਰਕਾਰ ਦੇ ਵਿਰੋਧ ਵਿੱਚ ਰੱਖਿਆ ਹੋਇਆ ਹੈ। ਇਸ ਕਾਰਨ ਤੁਰਕੀ ਨੇ ਕਸ਼ਮੀਰ ਦਾ ਮਾਮਲਾ ਯੂ ਐਨ ਜਨਰਲ ਅਸੈਂਬਲੀ ਵਿੱਚ ਵੀ ਚੁੱਕਿਆ ਸੀ। ਤੁਰਕੀ ਇਸ ਮਾਮਲੇ 'ਚ ਲਗਾਤਾਰ ਇਸ ਲਈ ਆਵਾਜ਼ ਚੁੱਕ ਰਿਹਾ ਹੈ ਕਿ ਖੁਦ ਨੂੰ ਇਸਲਾਮਿਕ ਦੁਨੀਆਂ ਦਾ ਨੇਤਾ ਸਾਬਿਤ ਕਰ ਸਕੇ। ਪਿਛਲੇ ਸਾਲ 'ਚ ਤੁਰਕੀ ਦੀਆਂ ਯੂਨੀਵਰਸਿਟੀਆਂ ਵਿੱਚ ਭਾਰਤ ਵਿਰੋਧੀ ਸਰਗਰਮੀਆਂ ਵਿੱਚ ਕਾਫ਼ੀ ਤੇਜ਼ੀ ਆਈ ਹੈ, ਜਿਨ੍ਹਾਂ ਵਿੱਚ ਪਾਕਿਸਤਾਨੀ ਅੰਬੈਸੀ ਅਤੇ ਪਾਕਿਸਤਾਨ ਦੇ ਸਮਰਥਨ ਵਾਲੇ ਐਨ ਜੀ ਓ ਵੀ ਅਹਿਮ ਭੂਮਿਕਾ ਨਿਭਾ ਰਹੇ ਹਨ। ਪਤਾ ਲੱਗਾ ਹੈ ਕਿ 5 ਅਗਸਤ 2019 ਤੋਂ ਅੱਜ ਤੱਕ ਤੁਰਕੀ ਦੀਆਂ ਯੂਨੀਵਰਸਿਟੀਆਂ ਵਿੱਚ ਘੱਟੋ-ਘੱਟ 30 ਅਜਿਹੀਆਂ ਕਾਨਫਰੰਸਾਂ ਅਤੇ ਸੈਮੀਨਾਰ ਆਯੋਜਿਤ ਕੀਤੇ ਗਏ ਹਨ, ਜਿਨ੍ਹਾਂ ਦਾ ਕੇਂਦਰ ਕਸ਼ਮੀਰ ਮੁੱਦਾ ਅਤੇ ਭਾਰਤ ਵਿਰੋਧੀ ਭਾਵਨਾਵਾਂ ਹੁੰਦੀਆਂ ਹਨ। ਤੁਰਕੀ ਵਿੱਚ ਪਾਕਿਸਤਾਨੀ ਖੁਫੀਆ ਏਜੰਸੀ ਆਈ ਐਸ ਆਈ ਦੇ ਪ੍ਰਾਕਸੀ ਅਤੇ ਵਰਲਡ ਕਸ਼ਮੀਰ ਫੋਰਮ ਦੇ ਜਨਰਲ ਸਕੱਤਰ ਗੁਲਾਮ ਨਬੀ ਫਾਈ ਖੁਦ ਅਜਿਹੇ ਅੱਧੀ ਦਰਜਨ ਤੋਂ ਜ਼ਿਆਦਾ ਪ੍ਰੋਗਰਾਮਾਂ ਵਿੱਚ ਹਿੱਸਾ ਲੈ ਚੁੱਕੇ ਹਨ। ਇਸੇ ਤਰ੍ਹਾਂ ਤੁਰਕੀ ਵਿੱਚ ਪਾਕਿਸਤਾਨ ਦੇ ਰਾਜਦੂਤ ਸਾਇਰਸ ਸੱਜਾਦ ਕਾਜ਼ੀ ਕਈ ਪ੍ਰੋਗਰਾਮਾਂ ਵਿੱਚ ਹਿੱਸਾ ਲੈਂਦੇ ਦੇਖੇ ਜਾ ਚੁੱਕੇ ਹਨ। ਪਾਕਿਸਤਾਨੀ ਅੰਬੈਸੀ ਨੇ ਖੁਦ ਅਜਿਹੇ ਕਈ ਪ੍ਰੋਗਰਾਮ ਕੀਤੇ ਹਨ, ਜਿਨ੍ਹਾਂ ਦੇ ਕੇਂਦਰ ਵਿੱਚ ਕਸ਼ਮੀਰ 'ਚੋਂ ਆਰਟੀਕਲ-370 ਨੂੰ ਹਟਾਉਣ ਦਾ ਮੁੱਦਾ ਰਿਹਾ ਹੈ।





Paramjit Deol
Broker
CELL: 416-993-7378
7071 Airport Rd, Suit 201, Mississauga, ON

1. For top dollars, fast sale, Call Paramjit Deol
2. New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca



"Your neighborhood broker, Call Paramjit Deol Today"

**Mississauga $749,000**


**7089 Torbram Rd:** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

**Vaughan $499,000**

**3210 Highway 7 Rd 5511:** Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

**Kitchener $599,000**

**Westmount/Blockline Rd:** Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

**Brampton $699,000**

**39 Shiff Cres:** This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard,Entrance Garage From Inside.

**MISSISSAUGA $299,000**
Photo Not Available
**7885 Tranmere Dr:** Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

**Mississauga $749,000**

**7089 Torbram Rd :** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

**Blandford $349,000**
Photo Not Available
**23 Wilmot St:** Sale Of Business With Property Gas Stations in Blandford-Blenheim Oxford area. For more information Call Paramjit Deol at 905-405-8484.

**Oshawa $659,000**
Photo Not Available
**Simcoe St/Highway 407:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

**Brampton $1,900,000**
Photo Not Available
**115 Orenda Dr:** Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks,Very Low Rent,Tons Of Inventory.

**Brampton $749,000**

**Mississauga Rd/Sandalwood Pkwy :** 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

**Barrie $769,000**

**Ferndale & Edgehill :** Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

**Oshawa $659,000**
Photo Not Available
**150 Windfields Farm Dr 86:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $789,000**


**124 Cornwall Rd:** Move In Ready Designer Concept,Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

**Toronto $959,500**

**Queen St/Logan Ave:** Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

**New Tecumseth $978,888**

**King St/Industry:** Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

**Mississauga $715,000**

**Derry And Mclaughlin:** One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh; Angrej Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਚੀਨ ਵਿਚ ਚੌਥੇ ਕੈਨੇਡੀਅਨ ਨਾਗਰਿਕ ਨੂੰ ਮੌਤ ਦੀ ਸਜ਼ਾ



ਸੁਰਜੀਤ ਸਿੰਘ ਫਲੋਰਾ

ਜਿਸ ਸਮੇਂ ਚੀਨ ਵਿਚ ਚੌਥੇ ਕੈਨੇਡੀਅਨ ਨਾਗਰਿਕ ਨੂੰ ਮੌਤ ਦੀ ਸਜ਼ਾ ਸੁਣਾਈ ਜਾ ਰਹੀ ਸੀ। ਉਸ ਸਮੇਂ ਕੈਨੇਡਾ-ਚੀਨ ਸੰਬੰਧਾਂ ਬਾਰੇ ਹਾਲ ਹੀ ਵਿਚ ਬਣਾਈ ਗਈ ਵਿਸ਼ੇਸ਼ ਕਮੇਟੀ ਇਸ ਹਫ਼ਤੇ ਪਹਿਲੀ ਵਾਰ ਬੁਲਾਈ ਗਈ ਸੀ ਕਿਉਂਕਿ ਜਦੋਂ ਕੋਵਿਡ -19 ਨੇ ਕੈਨੇਡਾ ਨੂੰ ਤਾਲਾਬੰਦੀ 'ਤੇ ਪਾ ਦਿੱਤਾ ਸੀ,ਜਿਸ ਕਰਕੇ ਕੋਈ ਵੀ ਗੱਲਬਾਤ ਅੱਗੇ ਨਹੀਂ ਵਧ ਸਕੀ ਸੀ।

ਦੋਵਾਂ ਦੇਸ਼ਾਂ ਦਰਮਿਆਨ ਵਧ ਰਹੇ ਤਣਾਅ ਅਤੇ ਕੈਨੇਡੀਅਨ ਸਰਕਾਰ ਨੇ ਉਨ੍ਹਾਂ ਨੂੰ ਕਿਵੇਂ ਨਿਪਟਿਆ ਹੈ, ਅਗਸਤ 6 ਨੂੰ ਕਮੇਟੀ ਵਿੱਚ ਸੁਣਵਾਈ ਦਾ ਵਿਸ਼ਾ ਸੀ।

ਉਸ ਦਿਨ ਪਹਿਲਾਂ ਚੀਨ ਨੇ ਕੈਨੇਡੀਅਨ ਨਾਗਰਿਕ ਵੀਹੋਂਗ ਨੂੰ ਨਸ਼ਿਆਂ ਦੇ ਦੋਸ਼ ਵਿਚ ਮੌਤ ਦੀ ਸਜ਼ਾ ਸੁਣਾਈ ਸੀ। ਯੇ ਜਿਨਹੁਈ ਨੂੰ 7 ਅਗਸਤ ਨੂੰ ਸਜ਼ਾ ਸੁਣਾਈ ਗਈ ਸੀ — ਚੌਥੇ ਕੈਨੇਡੀਅਨ ਨੂੰ ਚੀਨ ਵਿਚ ਡਰੱਗ ਦੇ ਦੋਸ਼ ਵਿਚ ਮੌਤ ਦੀ ਸਜ਼ਾ ਸੁਣਾਈ ਗਈ ਸੀ, ਕਿਉਂਕਿ ਕੈਨੇਡਾ ਨੇ ਸਾਲ 2018 ਵਿਚ ਹੁਆਵੇਈ ਦੇ ਕਾਰਜਕਾਰੀ ਮੇਂਗ ਵਾਨਜ਼ੂ ਨੂੰ ਹਿਰਾ-ਸਤ ਵਿਚ ਲਿਆ ਸੀ।

ਚੀਨ ਵਿਚ ਕੈਨੇਡੀਅਨ ਦੇ ਸਾਬਕਾ ਰਾਜਦੂਤ ਡੇਵਿਡ ਮਲਰੋਨੀ ਨੇ ਕਮੇਟੀ ਨੂੰ ਦੱਸਿਆ ਕਿ ਮੇਂਗ ਦੀ ਗ੍ਰਿਫਤਾਰੀ ਤੋਂ ਬਾਅਦ ਤੋਂ ਹੀ, ਕੈਨੇਡੀਅਨ ਮਾਈਕਲ ਕੋਵਰੀਗ ਅਤੇ ਮਾਈਕਲ ਸਪੈਵਰ ਨੂੰ ਬੀਜਿੰਗ ਦੁਆਰਾ 600 ਦਿਨਾਂ ਪਹਿਲਾਂ ਮੈਨਗ ਦੀ ਗ੍ਰਿਫਤਾਰੀ ਦਾ ਪ੍ਰਤੱਖ ਬਦਲਾ ਲਏ ਜਾਣ ਤੇ ਨਜ਼ਰਬੰਦ ਕਰਨ ਤੋਂ ਬਾਅਦ, "ਚੀਨ ਸੰਕਟ" ਵਿਚ ਦਾਖਲ ਹੋ ਗਿਆ ਹੈ। ਹੁਆਵੇਈ ਸੀ.ਐੱਫ.ਓ. ਨੂੰ ਇਰਾਨ ਨਾਲ ਕੰਪਨੀ ਦੇ ਲੈਣ-ਦੇਣ ਨੂੰ ਧੋਖਾਧੜੀ ਦੇ ਦੋਸ਼ਾਂ 'ਤੇ ਸੰਯੁਕਤ ਰਾਜ ਅਮਰੀਕਾ ਹਵਾਲਗੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਬੀਜਿੰਗ ਨੇ ਕੈਨੇਡੀਅਨ ਸਰਕਾਰ ਨੂੰ ਮੇਂਗ ਨੂੰ ਰਿਹਾ ਕਰਨ ਲਈ ਦਬਾਅ ਪਾਉਣ ਦੀ ਸਪੱਸ਼ਟ ਕੋਸ਼ਿਸ਼ ਵਿੱਚ ਕੈਨੋਲਾ ਬੀਜ ਦੇ ਤੇਲ ਸਮੇਤ ਚੀਨ ਨੂੰ ਕਈ ਕੈਨੇਡੀਅਨ ਬਰਾਮਦਾਂ ਉੱਤੇ ਵੀ ਪਾਬੰਦੀਆਂ ਲਗਾਈਆਂ ਹਨ, ਜੋ ਘਰ ਦੀ ਗ੍ਰਿਫਤਾਰੀ ਦੇ ਇੱਕ ਰੂਪ ਵਿੱਚ ਉਸਦੀ ਵੈਨਕੂਵਰ ਮਕਾਨ ਵਿੱਚ ਰਹਿੰਦੀ ਹੈ।

ਮਲਰੋਨੀ ਨੇ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਸੰਘੀ ਸਰਕਾਰ ਵਧ ਰਹੇ ਤਣਾਅ ਦੇ ਸਮੇਂ ਦੀ ਵਰਤੋਂ ਕਰਦਿਆਂ ਚੀਨ ਨਾਲ ਕੈਨੇਡਾ ਦੇ ਸਬੰਧਾਂ ਉੱਤੇ ਮੁੜ ਵਿਚਾਰ ਕਰੇਗੀ ਅਤੇ ਮਨੁੱਖੀ ਅਧਿਕਾਰਾਂ ਨੂੰ ਘਰੇਲੂ ਪੱਧਰ 'ਤੇ ਦਬਾਉਣ ਲਈ ਅਤੇ ਚੀਨੀ ਆਰਥਿਕ ਅਤੇ ਕੂਟਨੀਤਕ ਬਲੈਕਮੇਲ ਨੂੰ ਲਾਗੂ ਕਰਨ ਲਈ ਚੀਨੀ ਹਕੂਮਤ ਦੀ ਯਥਾਰਥਵਾਦੀ ਨਾਲ ਮੁਲਾਂਕਣ ਕਰੇਗੀ।

"ਪਰ ਪੁਰਾਣੇ ਹੱਥਪੈਰ ਮਾਰਨ ਵਾਲ ਤਰੀਕੇ ਅਤੇ ਉਹਨਾਂ ਨੂੰ ਸਜਾ ਸਣਾਉਣ ਤੋਂ ਬਾਅਦ ਸਭ ਕੁਝ ਬਦਲ ਚੁਕਾ ਹੈ,ਉਸਨੇ ਕਰਾਸ-ਪਾਰਲੀਮੈਂਟ ਕਮੇਟੀ ਨੂੰ ਕਿਹਾ, ਜਿਹੜੀ ਅਸਲ ਵਿੱਚ ਕੋਵੀਡ -19 ਪਾਬੰਦੀਆਂ ਕਾਰਨ ਉਲੀਕੇ ਗਏ ਸਨ।

"ਇਹ ਸਪੱਸ਼ਟ ਨਹੀਂ ਹੈ ਕਿ ਸਰਕਾਰ ਨੇ ਪੂਰੀ ਤਰਾਂ ਨਾਲ ਗਲਪ ਨੂੰ ਛੱਡ ਦਿੱਤਾ ਹੈ ਕਿ ਚੀਨ ਸਾਡਾ ਮਿੱਤਰ ਹੈ, ਅਤੇ ਨਾ ਹੀ ਇਸ ਨੇ ਨਿਰੰਤਰਤਾ ਨਾਲ ਬੋਲਣ ਅਤੇ ਕਾਰਜ ਕਰਨ ਦੀ ਹਿੰਮਤ ਨੂੰ ਤਲਬ ਕੀਤਾ ਹੈ।"

ਸਾਬਕਾ ਫੈਡਰਲ ਮੰਤਰੀਆਂ, ਡਿਪਲੋਮੈਟਾਂ ਅਤੇ ਵਿਦਵਾਨਾਂ ਦੁਆਰਾ ਜੂਨ ਵਿੱਚ ਕੋਵ੍ਰਿਗ ਅਤੇ ਸਪੋਵਰ ਦੀ ਅਜ਼ਾਦੀ ਦੇ ਬਦਲੇ ਵਿੱਚ ਮੈਂਗ ਨੂੰ ਰਿਹਾਅ ਕਰਨ ਦੀ ਅਪੀਲ ਕੀਤੀ ਗਈ ਇੱਕ ਚਿੱਠੀ ਦਾ ਹਵਾਲਾ ਦਿੰਦੇ ਹੋਏ ਮਲਰੋਨੀ ਨੇ ਕਿਹਾ, "ਸ਼ਕਤੀਸ਼ਾਲੀ ਤੌਰ ਤੇ ਰੱਖੇ ਗਏ ਕੈਨੇਡੀਅਨ ਬਹਿਸ ਕਰਦੇ ਰਹਿੰਦੇ ਹਨ ਕਿ ਜੇ ਅਸੀਂ ਚੀਨ ਨੂੰ ਸਿਰਫ ਇੱਕ ਹੋਰ ਖੁਸ਼ੀ ਦਿੰਦੇ ਹਾਂ ਸਭ ਠੀਕ ਹੋ ਜਾਵੇਗਾ।

ਓਨਟਾਰੀਓ ਦੇ ਸ਼ਹਿਰ ਮਾਰਖਮ ਨੇ ਪਿਛਲੇ ਸਾਲ ਚੀਨ ਦੇ ਰਾਸ਼ਟਰੀ ਦਿਵਸ 'ਤੇ ਚੀਨੀ ਝੰਡਾ ਬੁਲੰਦ ਕਰਨ ਦੇ ਫੈਸਲੇ ਨੂੰ ਨੋਟ ਕਰਦੇ ਹੋਏ ਉਨ੍ਹਾਂ ਨੇ ਕਿਹਾ ਕਿ ਚੀਨ ਬਾਰੇ "ਖਤਰਨਾਕ ਮਾਇਓਪੀਆ" ਵੀ ਸਪੱਸ਼ਟ ਹੈ।

"ਇਥੇ ਕੁਝ ਗਲਤ ਹੈ ਅਤੇ ਇਸ ਨੂੰ ਬਦਲਣਾ ਪਏਗਾ. ਲੋਕਾਂ ਨੂੰ ਯਾਦ ਰੱਖਣ ਦੀ ਜ਼ਰੂਰਤ ਹੈ ਕਿ ਵਿਦੇਸ਼ ਨੀਤੀ ਦਾ ਆਖਰੀ ਉਦੇਸ਼ ਚਾਪਲੂਸੀ ਕਰਨਾ ਨਹੀਂ, ਅਸੁਵਿਧਾਜਨਕ ਸੱਚਾਈਆਂ ਨੂੰ ਅਸਪਸ਼ਟ ਕਰਨਾ ਨਹੀਂ, ਬਲਕਿ ਕੈਨੇਡੀਅਨ ਹਿੱਤਾਂ ਅਤੇ ਕਦਰਾਂ ਕੀਮਤਾਂ ਨੂੰ ਅੱਗੇ ਵਧਾਉਣਾ ਅਤੇ ਸੁਰੱਖਿਅਤ ਕਰਨਾ ਹੈ। "

ਮਲਰੋਨੀ ਨੇ ਕਿਹਾ ਕਿ ਉਹ ਸੁਝਾਅ ਨਹੀਂ ਦੇ ਰਹੇ ਹਨ ਕਿ ਕੈਨੇਡਾ ਨੂੰ ਚੀਨ ਨੂੰ ਭੜਕਾਉਣਾ ਚਾਹੀਦਾ ਹੈ ਜਾਂ ਅਪਮਾਨ ਕਰਨਾ ਚਾਹੀਦਾ ਹੈ। ਪਰ ਉਨ੍ਹਾਂ ਕਿਹਾ ਕਿ ਕਨੈਡਾ ਨੂੰ ਕਮਜ਼ੋਰ ਸੈਕਟਰਾਂ ਵਿਚ ਸਪਲਾਈ ਦੀਆਂ ਨਵੀਆਂ ਚੇਨ ਸਥਾਪਤ ਕਰਨ ਅਤੇ ਵਪਾਰ ਵਿਭਿੰਨਤਾ ਦੇ ਯਤਨ ਸ਼ੁਰੂ ਕਰਨ ਲਈ ਸਹਿਯੋਗੀ ਸੰਗਠਨਾਂ ਨਾਲ ਕੰਮ ਕਰਕੇ ਚੀਨੀ ਵਪਾਰ ਉੱਤੇ ਆਪਣੀ ਨਿਰਭਰਤਾ ਘਟਾਉਣੀ ਚਾਹੀਦੀ ਹੈ।

ਓਟਵਾ ਨੂੰ ਵੀ ਇਸ ਦੇਸ਼ ਵਿਚ ਚੀਨੀ ਦਖਲਅੰਦਾਜ਼ੀ ਦਾ ਮੁਕਾਬਲਾ ਕਰਨ ਲਈ ਕਦਮ ਚੁੱਕਣੇ ਚਾਹੀਦੇ ਹਨ ਅਤੇ ਅਜਿਹਾ ਕੁਝ ਅਪਣਾਉਂਦੇ ਹੋਏ ਆਸਟਰੇਲੀਆ ਦੇ ਵਿਦੇਸ਼ੀ ਪ੍ਰਭਾਵ ਪਾਰਦਰਸ਼ਤਾ ਕਾਨੂੰਨ ਨੂੰ ਅਪਣਾਇਆ ਜਾਣਾ ਚਾਹੀਦਾ ਹੈ। ਇਸ ਐਕਟ ਵਿਚ ਕਿਸੇ ਵੀ ਨਾਗਰਿਕ ਦੀ ਜ਼ਰੂਰਤ ਹੈ ਜੋ ਵਿਦੇਸ਼ੀ ਹਸਤੀ ਲਈ ਕੰਮ ਕਰਨਾ ਚੁਣਦਾ ਹੋਵੇ ਅਤੇ ਸਾਬਕਾ ਰਾਜਨੇਤਾ ਅਤੇ ਡਿਪਲੋਮੈਟ ਜੋ ਆਪਣੀਆਂ ਸਰਗਰਮੀਆਂ ਨੂੰ ਜਨਤਕ ਤੌਰ ਤੇ ਰਿਪੋਰਟ ਕਰਨ ਲਈ ਵਿਦੇਸ਼ੀ ਦੇਸ਼ ਨਾਲ ਆਪਣੀ ਮਹਾਰਤ ਸਾਂਝੇ ਕਰਨ ਲਈ ਕੁਝ ਵੀ ਕਰਨ ਲਈ ਤੱਤਪਰ ਰਹਿਣ।

ਚੀਨ ਦੇ ਦੋ ਹੋਰ ਸਾਬਕਾ ਰਾਜਦੂਤਾਂ, ਜੌਨ ਮੈਕਲੈਮ ਅਤੇ ਰਾਬਰਟ ਰਾਈਟ ਨੇ ਕਮੇਟੀ ਦੇ ਪੇਸ਼ ਹੋਣ ਦਾ ਸੱਦਾ ਦੇਣ ਤੋਂ ਇਨਕਾਰ ਕਰ ਦਿੱਤਾ। ਕਮੇਟੀ ਮੈਂਬਰਾਂ ਨੇ ਬਾਅਦ ਵਿੱਚ ਤਾਰੀਖ 'ਤੇ ਦੋਵਾਂ ਨੂੰ ਬੁਲਾਉਣ ਲਈ ਸਰਬਸੰਮਤੀ ਨਾਲ ਵੋਟ ਦਿੱਤੀ।

ਕੇਂਦਰੀ ਤਿੱਬਤੀ ਪ੍ਰਸ਼ਾਸਨ ਦੇ ਪ੍ਰਧਾਨ, ਡਾ. ਲੋਬਸਾਂਗ ਸੰਗੇ ਨੇ ਕਮੇਟੀ ਨਾਲ ਲੰਬੇ ਸਮੇਂ ਤਕ ਗੱਲਬਾਤ ਕੀਤੀ, ਇਸ ਖ਼ਤਰੇ ਦੀ ਰੂਪ ਰੇਖਾ ਜ਼ਾਹਰ ਕਰਦਿਆਂ ਕਿਹਾ ਕਿ ਚੀਨੀ ਸ਼ਾਸਨ ਨਾ ਸਿਰਫ ਤਿੱਬਤ ਲਈ, ਬਲਕਿ ਬਾਕੀ ਵਿਸ਼ਵ ਲਈ ਪੈਦਾ ਹੋਇਆ ਹੈ।

ਉਨ੍ਹਾਂ ਕਿਹਾ, "ਚੀਨੀ ਕਮਿਊਨਿਸਟ ਪਾਰਟੀ ਵੱਲੋਂ ਪੇਸ਼ ਕੀਤੀ ਗਈ ਚੁਣੌਤੀ ਬਹੁਤ ਗੰਭੀਰ ਹੈ। "ਜਾਂ ਤਾਂ ਅਸੀਂ ਚੀਨ ਨੂੰ ਬਦਲਾਂਗੇ ਜਾਂ ਚੀਨ ਸਾਨੂੰ ਬਦਲ ਦੇਵੇਗਾ।"

ਸੰਗੇ ਨੇ ਚੇਤਾਵਨੀ ਦਿੱਤੀ ਕਿ ਸੀਸੀਪੀ ਨੇ ਤਿੱਬਤ ਦੇ ਕਬਜ਼ੇ ਵਿਚ ਲਿਆਉਣ ਦੀਆਂ ਕੁਝ ਚਾਲਾਂ ਜਿਵੇਂ ਕਿ ਮਹੱਤਵਪੂਰਨ ਮੁੱਦਿਆਂ 'ਤੇ ਬੀਜਿੰਗ ਦੇ ਅਨੁਕੂਲ ਅਹੁਦਿਆਂ ਨੂੰ ਯਕੀਨੀ ਬਣਾਉਣ ਲਈ ਪ੍ਰਭਾਵਸ਼ਾਲੀ ਵਰਗ ਅਤੇ ਸੰਸਥਾਵਾਂ ਨੂੰ ਪ੍ਰਭਾਵਤ ਕਰਨਾ - ਹੁਣ ਦੁਨੀਆ ਭਰ ਵਿਚ ਆਮ ਹੈ।

"ਤਿੱਬਤ ਵਿਚ ਜੋ ਹੋਇਆ ਉਹ ਤੁਹਾਡੇ ਨਾਲ ਹੋ ਸਕਦਾ ਹੈ," ਉਸਨੇ ਕਿਹਾ।

"ਏਲੀਟ ਕੋ-ਆਪਟੀਟੇਸ਼ਨ- ਸਿਆਸਤਦਾਨਾਂ ਨੂੰ ਪ੍ਰਭਾਵਤ ਕਰ ਰਿਹਾ ਹੈ, ਕਾਰੋਬਾਰੀ ਲੋਕਾਂ, ਬੁੱਧੀਜੀਵੀਆਂ, ਮੀਡੀਆ ਨੂੰ ਪ੍ਰਭਾਵਤ ਕਰ ਰਿਹਾ ਹੈ।ਇਹ ਸਭ ਕੁਝ ਹੋ ਰਿਹਾ ਹੈ। ਓਟਵਾ ਤੋਂ ਨਾਰਵੇ ਤੋਂ ਸਵੀਡਨ ਤੱਕ ਆਸਟਰੇਲੀਆ ਦੀ ਯਾਤਰਾ ਕਰਦਿਆਂ, ਮੈਂ ਇਸ ਨੂੰ ਬਾਰ ਬਾਰ ਵੇਖਦਾ ਹਾਂ।

ਉਸਨੇ ਸੰਯੁਕਤ ਰਾਸ਼ਟਰ ਨੂੰ ਬੀਜਿੰਗ ਦੀ ਘੁਸਪੈਠ ਦੀ ਇੱਕ ਉਦਾਹਰਣ ਵਜੋਂ ਦਰਸਾਇਆ।ਚੀਨ ਸੰਯੁਕਤ ਰਾਜ ਤੋਂ ਬਾਅਦ ਸੰਯੁਕਤ ਰਾਜ ਅਮਰੀਕਾ ਦਾ ਦੂਜਾ ਸਭ ਤੋਂ ਵੱਡਾ ਦਾਨੀ ਹੈ, ਅਤੇ ਹਾਲ ਹੀ ਵਿੱਚ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕੌਂਸਲ ਦੀ ਇੱਕ ਸੀਟ ਲਈ ਨਿਯੁਕਤ ਕੀਤਾ ਗਿਆ ਹੈ, ਭਾਵੇਂ ਕਿ ਦੁਨੀਆਂ ਦੇ ਸਭ ਤੋਂ ਵੱਧ ਮਹੱਤਵਪੂਰਨ ਮਨੁੱਖੀ ਅਧਿਕਾਰਾਂ ਦਾ ਸ਼ੋਸ਼ਣ ਕਰਨ ਵਾਲਿਆਂ ਵਿੱਚੋਂ ਇੱਕ ਹੈ।

ਸੰਗੇ ਨੇ ਚੇਤਾਵਨੀ ਦਿੱਤੀ ਕਿ ਚੀਨ ਆਪਣੇ ਪ੍ਰਭਾਵ ਨੂੰ "ਸੰਯੁਕਤ ਰਾਸ਼ਟਰ ਦਾ ਪੁਨਰ ਗਠਨ" ਕਰਨ ਲਈ ਇਸਤੇਮਾਲ ਕਰਨ ਦੀ ਉਮੀਦ ਕਰਦਾ ਹੈ ਤਾਂ ਜੋ ਬੀਜਿੰਗ ਦੇ ਅਨੁਕੂਲ ਰੁਜ਼ਗਾਰ ਨੀਤੀ ਨੂੰ ਪ੍ਰਭਾਵਤ ਕਰ ਸਕੇ।


"ਉਹ ਮਨੁੱਖੀ ਅਧਿਕਾਰਾਂ ਦੀ ਮੁੜ ਪਰਿਭਾਸ਼ਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ," ਉਸਨੇ ਕਿਹਾ। "ਅਤੇ ਜੇ ਇਹ ਜਾਰੀ ਰੱਖਣਾ ਹੈ ਤਾਂ ਮਨੁੱਖੀ ਅਧਿਕਾਰ ਜੋ ਅਸੀਂ ਜਾਣਦੇ ਹਾਂ — ਅਧਿਕਾਰ ਜੋ ਕੁੰਜੀ ਮੰਨੇ ਜਾਂਦੇ ਹਨ ਉਹਨਾਂ ਨੂੰ ਕਮਜ਼ੋਰ ਕਰ ਦਿੱਤਾ ਜਾਵੇਗਾ।"

ਜਿਸ ਲਈ ਇਸ ਬਣੀ ਕੁਮੇਟੀ ਵਲੋਂ ਜਲਦ ਚਾਨਾ ਪ੍ਰਤੀ ਕੋਈ ਨਾ ਕੋਈ ਸਖ਼ਤ ਫੈਸਲਾਂ ਲੈਣਾ ਹੋਵੇਗਾ ਤਾਂ ਜੋ ਅੱਗੇ ਤੋਂ ਚਾਇਨਾ ਕਿਸੇ ਵੀ ਹੋਰ ਦੇਸ਼ ਨੂੰ ਜਾਂ ਕੈਨੇਡੀਅਨ ਨਾਗਰਿਕ ਨੂੰ ਬੰਦੀ ਬਣਾ ਕੇ ਬਲੈਕਮੇਲ ਨਾ ਕਰ ਸਕੇ।

